PAIGAM-E-JAGAT

# ਪੈ.ਗਾਮ-ਏ-ਜਗਤ

ਜ਼ਿੰਦਗੀ ਵਿੱਚ ਜਿੱਤਾਂ ਅਤੇ ਹਾਰਾਂ ਹੁੰਦੀਆਂ ਹਨ; ਅੱਗੇ ਵਧਣ ਤੋਂ ਬਾਅਦ ਤੁਸੀਂ ਕਿਵੇਂ ਵਿਵਹਾਰ ਕਰਦੇ ਹੋ ਇਹ ਮਹੱਤਵਪੂਰਨ ਹੈ।

Title code : CHAMUL00914 | E-mail : Info@paigamejagat.com | ਮੰਗਲਵਾਰ, 22 ਸਤੰਬਰ 2026, ਸਾਲ-4, ਅੰਕ-7, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਜਨਾਲਾ ਹਲਕੇ ਦੇ ਪਿੰਡ ਸੈਂਸਰਾ ਵਿਖੇ 'ਲੋਕ ਮਿਲਣੀ' ਪ੍ਰੋਗਰਾਮ ਨੂੰ ਕੀਤਾ ਸੰਬੋਧਨ

# ਕਿਹਾ-ਜੇ ਵਿਰੋਧੀ ਪਾਰਟੀਆਂ ਸੱਤਾ ਵਿੱਚ ਆਉਂਦੀਆਂ ਹਨ ਤਾਂ ਉਹ ਮੁਫਤ ਬਿਜਲੀ, ਮੁਫਤ ਬੱਸ ਸਫਰ ਅਤੇ ਹਜ਼ਾਰ ਰੁਪਏ ਦੀ ਸਨਮਾਨ ਰਾਸ਼ੀ ਬੰਦ ਕਰ ਦੇਣਗੀਆਂ

- ਜੇ ਭਾਜਪਾ ਸੱਤਾ 'ਚ ਆਉਂਦੀ ਹੈ ਤਾਂ ਉਹ ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦੇਵੇਗੀ
- ਭਾਜਪਾ ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਨੂੰ ਵੀ ਪੰਜਾਬ ਤੋਂ ਅਲੱਗ ਕਰਨਾ ਚਾਹੁੰਦੀ ਹੈ : ਮੁੱਖ ਮੰਤਰੀ ਭਗਵੰਤ ਸਿੰਘ ਮਾਨ



**ਅਜਨਾਲਾ, 21 ਸਤੰਬਰ (ਪੈ.ਗਾਮ-ਏ-ਜਗਤ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚੇਤਾਵਨੀ ਦਿੱਤੀ ਕਿ ਰਵਾਇਤੀ ਵਿਰੋਧੀ ਪਾਰਟੀਆਂ ਦੀ ਸੱਤਾ ਵਿੱਚ ਵਾਪਸੀ ਨਾਲ ਪੰਜਾਬ ਦੀਆਂ ਭਲਾਈ ਸਕੀਮਾਂ, ਸਰਕਾਰੀ ਸੰਸਥਾਵਾਂ ਅਤੇ ਪਾਣੀ ਦੇ ਅਧਿਕਾਰ ਖਤਰੇ ਵਿੱਚ ਪੈ ਜਾਣਗੇ ਕਿਉਂਕਿ ਉਨ ਾਂ ਦੀਆਂ ਤਰਜੀਹਾਂ ਪਹਿਲਾਂ ਹੀ ਲੋਕਾਂ ਸਾਹਮਣੇ ਨੰਗੀਆਂ ਹੋ ਚੁੱਕੀਆਂ ਹਨ। ਅਜਨਾਲਾ ਹਲਕੇ ਦੇ ਪਿੰਡ ਸੈਂਸਰਾ ਵਿਖੇ ਵਿਸਾਲ 'ਲੋਕ ਮਿਲਣੀ' ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਰੋਧੀ ਧਿਰ ਮੁਫਤ ਬਿਜਲੀ, ਔਰਤਾਂ ਲਈ ਮੁਫਤ ਬੱਸ ਸਫਰ ਅਤੇ ਹਜਾਰ ਰੁਪਏ ਦੀ ਸਨਮਾਨ ਰਾਸੀ ਬੰਦ ਕਰ ਦੇਵੇਗੀ, ਜਦਕਿ ਨਿੱਜੀ ਅਦਾਰਿਆਂ ਨੂੰ ਉਤਸਾਹਿਤ ਕਰਨ ਲਈ ਮੁਹੱਲਾ ਕਲੀਨਿਕਾਂ ਅਤੇ ਸਰਕਾਰੀ ਸਕੂਲਾਂ ਨੂੰ ਕਮਜੋਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਸਾਰਾ ਕੀਤਾ ਕਿ ਭਾਜਪਾ ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦੇਵੇਗੀ ਅਤੇ ਚੰਡੀਗੜ੍ਹ ਤੇ ਪੰਜਾਬ ਯੂਨੀਵਰਸਿਟੀ ਨੂੰ ਵੀ ਪੰਜਾਬ ਤੋਂ ਅਲੱਗ ਕਰਨ ਦੀ ਕੋਸ਼ਿਸ ਕਰੇਗੀ, ਜਦਕਿ ਅਕਾਲੀ ਦਲ ਆਪਣੀਆਂ ਰੈਲੀਆਂ ਵਿੱਚ ਦਿਹਾੜੀਦਾਰ ਮਜਦੂਰਾਂ ਨੂੰ ਲਿਆਉਣ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਆਪਣੀ ਸਰਕਾਰ ਦੇ ਰਿਕਾਰਡ ਨਾਲ ਇਸ ਦੀ ਤੁਲਨਾ ਕਰਦਿਆਂ ਉਨ ਾਂ ਨੇ 90 ਫੀਸਦੀ ਘਰਾਂ ਲਈ ਜੀਰੋ ਬਿਜਲੀ ਬਿੱਲ, ਗੋਇੰਦਵਾਲ ਸਾਹਿਬ ਨਿੱਜੀ ਥਰਮਲ ਪਾਵਰ ਪਲਾਂਟ ਦੀ ਖਰੀਦ, ਨਹਿਰੀ ਪਾਣੀ ਦੀ ਵਰਤੋਂ 22 ਫੀਸਦੀ ਤੋਂ ਵਧਾ ਕੇ 88 ਫੀਸਦੀ ਕਰਨ, 14,000 ਕਿਲੋਮੀਟਰ ਪਾਈਪਲਾਈਨਾਂ ਅਤੇ ਸਰਕਾਰੀ ਸਕੂਲਾਂ ਵਿੱਚ ਵੱਡੇ ਸੁਧਾਰਾਂ ਦਾ ਜ਼ਿਕਰ ਕੀਤਾ। ਉਨ ਾਂ ਕਿਹਾ ਕਿ ਸਰਕਾਰ ਦਾ ਇੱਕੋ-ਇੱਕ ਮਕਸਦ ਹਰ ਪਰਿਵਾਰ ਨੂੰ ਸਹੂਲਤਾਂ ਪਹੁੰਚਾਉਣਾ ਅਤੇ ਖੁਸਹਾਲ 'ਰੰਗਲਾ ਪੰਜਾਬ' ਬਣਾਉਣਾ ਹੈ।

ਐਕਸ 'ਤੇ ਪੋਸਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ, "ਅੱਜ ਅਜਨਾਲਾ ਵਿਧਾਨ ਸਭਾ ਹਲਕੇ ਦੇ ਪਿੰਡ ਸੈਂਸਰਾ ਵਿਖੇ 'ਲੋਕ ਮਿਲਣੀ' ਦੌਰਾਨ ਮਾਝੇ ਦੇ ਮਿਹਨਤੀ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਵਿਚਾਰ-ਵਟਾਂਦਰਾ ਕੀਤਾ। ਇੰਨੀ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਾਨੂੰ ਬੇਸ਼ੁਮਾਰ ਪਿਆਰ ਅਤੇ ਸਤਿਕਾਰ ਦੇਣ ਲਈ ਮੈਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਪਿੰਡ ਦੀਆਂ ਤਿੰਨ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 20-20 ਲੱਖ ਰੁਪਏ ਦੇ ਹਿਸਾਬ ਨਾਲ 60 ਲੱਖ ਰੁਪਏ ਦੇ ਚੈੱਕ ਸੌਂਪੇ ਗਏ। ਸਾਡੀ ਸਰਕਾਰ ਨੇ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜੀਰੋ ਕਰ ਦਿੱਤੇ ਹਨ, ਗੋਇੰਦਵਾਲ ਸਾਹਿਬ ਵਿਖੇ ਨਿੱਜੀ ਥਰਮਲ ਪਾਵਰ ਪਲਾਂਟ ਖਰੀਦਿਆ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ 22 ਫੀਸਦੀ ਤੋਂ ਵਧਾ ਕੇ 88 ਫੀਸਦੀ ਕਰ ਦਿੱਤੀ ਹੈ।"

ਪੋਸਟ ਦੇ ਅੰਤ ਵਿੱਚ ਉਨ ਾਂ ਲਿਖਿਆ, "ਪੂਰੇ ਪੰਜਾਬ ਵਿੱਚ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ। ਸਰਕਾਰੀ ਸਕੂਲਾਂ ਦਾ ਸੁਧਾਰ ਕਰ ਕੇ ਪੰਜਾਬ ਨੂੰ ਦੇਸ ਭਰ ਵਿੱਚ ਸਿੱਖਿਆ ਦੇ ਖੇਤਰ ਵਿੱਚ ਪਹਿਲੇ ਨੰਬਰ 'ਤੇ ਲਿਆਂਦਾ ਗਿਆ ਹੈ। ਲੋਕਾਂ ਨੂੰ ਲੁੱਟਣ ਵਾਲੀਆਂ (ਬਾਕੀ ਸਫ਼ਾ 2 'ਤੇ)

## ਭਾਜਪਾ ਸਰਕਾਰ ਆਉਣ 'ਤੇ ਛੇ ਮਹੀਨਿਆਂ 'ਚ ਤੋੜਾਂਗੇ ਪੰਜਾਬ ਦਾ ਨਸ਼ਾ ਨੈੱਟਵਰਕ: ਸ਼ਿਵਰਾਜ ਚੌਹਾਨ




- ਤਲਵੰਡੀ ਸਾਬੋ ਤੋਂ ਚੌਥੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਦਿਖਾਈ ਹਰੀ ਝੰਡੀ

**ਬਠਿੰਡਾ, 21 ਸਤੰਬਰ (ਪੈ.ਗਾਮ-ਏ-ਜਗਤ)**

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਤੋਂ ਭਾਜਪਾ ਦੀ ਚੌਥੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਜਨਸਭਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਸੂਬੇ ਵਿੱਚੋਂ ਨਸ਼ਿਆਂ ਦੀ ਸਪਲਾਈ ਚੇਨ, ਇਸ ਦੇ ਨੈੱਟਵਰਕ ਅਤੇ ਤਸਕਰਾਂ ਦੀਆਂ ਜਾਇਦਾਦਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇਗਾ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਇਹ ਸਿੱਧਾ ਸੁਨੇਹਾ ਲੈ ਕੇ ਪੰਜਾਬ ਆਏ ਹਨ।

ਯਾਤਰਾ ਦੀ ਸ਼ੁਰੂਆਤ ਤੋਂ ਪਹਿਲਾਂ ਕੇਂਦਰੀ ਮੰਤਰੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਬਾਅਦ ਤਲਵੰਡੀ ਸਾਬੋ ਦੀ ਦਾਣਾ ਮੰਡੀ 'ਚ ਕਰਵਾਈ ਰੈਲੀ ਦੌਰਾਨ ਉਨ੍ਹਾਂ ਰੈਲੀ ਰੋਕਣ ਦੇ ਕਥਿਤ ਯਤਨਾਂ ਲਈ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਨਿਸ਼ਾਨੇ ਸੇਧੇ। ਚੌਹਾਨ ਨੇ ਚੁਣੌਤੀ ਦਿੰਦਿਆਂ ਕਿਹਾ, "ਮੈਂ ਪੰਜਾਬ ਵਾਰ-ਵਾਰ ਆਵਾਂਗਾ, ਜੇਕਰ ਹਿੰਮਤ ਹੈ ਤਾਂ ਮੈਨੂੰ ਰੋਕ ਕੇ ਦਿਖਾਓ।"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਹੀਦ ਭਗਤ ਸਿੰਘ ਦੀ ਲਾਸਾਨੀ ਵਿਰਾਸਤ ਨੂੰ ਯਾਦ ਕਰਦਿਆਂ ਉਨ੍ਹਾਂ ਸੂਬੇ ਦੀ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ 18 ਤੋਂ 27 ਸਾਲ ਦੇ ਨੌਜਵਾਨ ਨਸ਼ਿਆਂ ਦੀ ਬਲੀ ਚੜ੍ਹ ਰਹੇ ਹਨ ਅਤੇ ਪੁਲੀਸ ਅਧਿਕਾਰੀ ਵੀ ਸੁਰੱਖਿਅਤ ਨਹੀਂ ਹਨ। ਉਨ੍ਹਾਂ ਉੱਤਰ ਪ੍ਰਦੇਸ਼ 'ਚ ਯੋਗੀ ਅੱਦਿਤਿਆਨਾਥ ਸਰਕਾਰ ਦੀ ਮਿਸਾਲ ਦਿੰਦਿਆਂ ਕਿਹਾ ਕਿ ਭਾਜਪਾ ਜੋ ਵਾਅਦਾ ਕਰਦੀ ਹੈ, ਉਸ 'ਤੇ ਸਖ਼ਤ ਕਾਰਵਾਈ ਕਰਕੇ ਦਿਖਾਉਂਦੀ ਹੈ।

ਇਸ ਰੈਲੀ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਰਾਸ਼ਟਰੀ ਉਪ-ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸਮੇਤ ਸੀਨੀਅਰ ਲੀਡਰਸ਼ਿਪ ਨੇ ਵੀ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਸੰਗਰੂਰ ਜ਼ਿਲ੍ਹੇ ਦੇ ਮੋਹਨਜੀਤ ਸਿੰਘ ਸ਼ੇਰੋਂ ਅਤੇ ਗੁਲਜ਼ਾਰ ਸਿੰਘ ਦੇ ਮੁੱਦੇ ਚੁੱਕਦਿਆਂ ਦੋਸ਼ ਲਾਇਆ ਕਿ ਨਸ਼ਾ ਮਾਫ਼ੀਆ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਪੁਲੀਸਵੱਲੋਂ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ।

ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਨਿਸ਼ਾਨਾ ਸੇਧਦਿਆਂ ਉਨ੍ਹਾਂ ਨੂੰ 'ਕਠਪੁਤਲੀ' ਕਰਾਰ ਦਿੱਤਾ। ਦੂਜੇ ਪਾਸੇ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਜੰਮੂ-ਕਸ਼ਮੀਰ 'ਚੋਂ ਅਤਿਵਾਦ ਦਾ ਖ਼ਾਤਮਾ ਕਰ ਸਕਦੀ ਹੈ ਤਾਂ ਉਹ ਪੰਜਾਬ 'ਚੋਂ ਨਸ਼ਾ ਮਾਫ਼ੀਆ ਨੂੰ ਖ਼ਤਮ ਕਰਨ ਦੇ ਵੀ ਪੂਰੀ ਤਰ੍ਹਾਂ ਸਮਰੱਥ ਹੈ। (ਬਾਕੀ ਸਫ਼ਾ 2 'ਤੇ)



## ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਹੁਣ ਤੱਕ 6 ਤਗਮੇ ਜਿੱਤੇ

- 4 ਚਾਂਦੀ ਅਤੇ 2 ਕਾਂਸੀ ਦੇ ਤਗਮੇ; ਭਾਰਤ ਨੇ ਟੇਬਲ ਟੈਨਿਸ ਵਿੱਚ ਪਾਕਿਸਤਾਨ ਵਿਰੁੱਧ ਸ਼ਾਨਦਾਰ ਜਿੱਤ ਦਰਜ ਕੀਤੀ

**ਨਵੀਂ ਦਿੱਲੀ, 21 ਸਤੰਬਰ (ਪੈ.ਗਾਮ-ਏ-ਜਗਤ)**

ਭਾਰਤ ਨੇ ਏਸ਼ੀਆਈ ਖੇਡਾਂ ਦੇ ਦੂਜੇ ਦਿਨ ਚਾਰ ਤਗਮੇ ਜਿੱਤੇ। ਇਨ੍ਹਾਂ ਵਿੱਚੋਂ ਤਿੰਨ ਤਗਮੇ ਨਿਸ਼ਾਨੇਬਾਜ਼ਾਂ ਨੇ ਜਿੱਤੇ, ਜਦਕਿ ਇੱਕ ਮਿਕਸਡ ਮਾਰਸ਼ਲ ਆਰਟਸ ਵਿੱਚ ਮਿਲਿਆ।

ਸੋਮਵਾਰ ਨੂੰ, ਹਿਮਾਂਸ਼ੂ ਢਿੱਲੋਂ (252.4 ਅੰਕ) ਨੇ ਚਾਂਦੀ ਅਤੇ ਰੁਦਰਾਕਸ਼ ਪਾਟਿਲ (230.9 ਅੰਕ) ਨੇ ਕਾਂਸੀ ਦਾ ਤਗਮਾ ਜਿੱਤਿਆ; ਇਹ ਮੁਕਾਬਲਾ ਪੁਰਸ਼ਾਂ ਦੇ 10 ਮੀਟਰ ਰਾਈਫਲ ਵਿਅਕਤੀਗਤ ਵਰਗ ਵਿੱਚ ਹੋਇਆ ਸੀ। ਚੀਨ ਦੇ ਸ਼ੇਂਗ ਲਿਹਾਓ (254.2 ਅੰਕ) ਨੇ ਸੋਨੇ ਦਾ ਤਗਮਾ ਜਿੱਤਿਆ।

ਭਾਰਤ ਨੇ ਟੀਮ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਪਾਰਥ ਮਾਨੇ, ਰੁਦਰਾਕਸ਼ ਪਾਟਿਲ ਅਤੇ ਹਿਮਾਂਸ਼ੂ ਢਿੱਲੋਂ ਦੀ ਟੀਮ ਨੇ 1890.1 ਅੰਕਾਂ ਦੇ ਸਕੋਰ ਨਾਲ ਦੂਜਾ ਸਥਾਨ ਹਾਸਲ ਕੀਤਾ। ਚੀਨ (1899.9 ਅੰਕ) ਪਹਿਲੇ ਅਤੇ ਕੋਰੀਆ (1884.2 ਅੰਕ) ਤੀਜੇ ਸਥਾਨ 'ਤੇ ਰਿਹਾ। ਇਸ ਦੌਰਾਨ, ਸੁਚਿਕਾ ਤਾਰਿਆਲ ਨੇ ਮਿਕਸਡ ਮਾਰਸ਼ਲ ਆਰਟਸ ਦੇ ਇੱਕ ਵਿਵਾਦਪੂਰਨ ਮੁਕਾਬਲੇ ਵਿੱਚ ਕਾਂਸੀ (ਬਾਕੀ ਸਫ਼ਾ 2 'ਤੇ)

### ਹਰਪਾਲ ਸਿੰਘ ਚੀਮਾ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਵਿਸਤ੍ਰਿਤ ਮੀਟਿੰਗਾਂ

## ਮਿਡ-ਡੇ-ਮੀਲ ਅਤੇ ਮਾਣ-ਭੱਤਾ ਵਰਕਰਾਂ ਨੂੰ ਦਿੱਤਾ ਭਰੋਸਾ

- ਭਗਵੰਤ ਮਾਨ ਸਰਕਾਰ ਵਰਕਰਾਂ ਦੀਆਂ ਜਾਇਜ਼ ਮੰਗਾਂ ਹੱਲ ਕਰਨ ਲਈ ਵਚਨਬੱਧ: ਹਰਪਾਲ ਸਿੰਘ ਚੀਮਾ



**ਚੰਡੀਗੜ੍ਹ, 21 ਸਤੰਬਰ (ਪੈ.ਗਾਮ-ਏ-ਜਗਤ)**

ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਜੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਮਿਡ-ਡੇ-ਮੀਲ ਸਕੀਮ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀਆਂ ਵੱਖ-ਵੱਖ ਯੂਨੀਅਨਾਂ ਅਤੇ ਮਾਣ-ਭੱਤਾ ਵਰਕਰਾਂ ਦੇ ਸਾਂਝੇ ਮੋਰਚੇ ਨਾਲ ਵਿਸਤ੍ਰਿਤ ਮੀਟਿੰਗਾਂ ਕੀਤੀਆਂ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਰਕਰਾਂ ਦੀਆਂ ਯੂਨੀਅਨਾਂ ਨਾਲ ਉਨ੍ਹਾਂ ਦੀਆਂ ਮੰਗਾਂ ਅਤੇ ਮਸਲਿਆਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ ਾਂ ਕਿਹਾ, "ਮੈਂ ਸਬੰਧਤ ਵਿਭਾਗਾਂ ਨੂੰ ਵਿਭਾਗੀ ਪੱਧਰ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਰੁਜ਼ਗਾਰ ਦੇ ਮਾਮਲਿਆਂ ਨਾਲ ਸਬੰਧਤ ਸਾਰੀਆਂ ਜਾਇਜ਼ ਤਜਵੀਜ਼ਾਂ ਪਰਸੋਨਲ ਵਿਭਾਗ ਨੂੰ ਭੇਜੀਆਂ ਜਾਣ, ਜਦੋਂ ਕਿ ਵਿੱਤੀ ਪਹਿਲੂਆਂ ਵਾਲੇ ਮਾਮਲੇ ਵਿੱਤ ਵਿਭਾਗ ਨੂੰ ਭੇਜੇ ਜਾਣ ਦੇ ਨਿਰਦੇਸ਼ ਦਿੱਤੇ। ਮੀਟਿੰਗਾਂ ਦੌਰਾਨ ਵਿੱਤ ਮੰਤਰੀ ਨੇ ਯੂਨੀਅਨ ਲੀਡਰਸ਼ਿਪ ਨੂੰ ਭਰੋਸਾ ਦਿਵਾਇਆ, "ਭਗਵੰਤ ਸਿੰਘ ਮਾਨ ਸਰਕਾਰ ਵਰਕਰਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਪੂਰੀ ਤਰ ਾਂ ਵਚਨਬੱਧ ਹੈ, ਅਤੇ ਇਸ ਸਬੰਧੀ ਲੋੜੀਂਦੀ ਕਾਗਜ਼ੀ ਪ੍ਰਕਿਰਿਆ ਪਹਿਲਾਂ ਹੀ ਜਾਰੀ ਹੈ।

ਕਾਮਿਆਂ ਲਈ ਤੁਰੰਤ ਰਾਹਤ ਯਕੀਨੀ ਬਣਾਉਣ ਵਾਸਤੇ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ, "ਜ਼ਿਲ ਾ ਪੱਧਰੀ ਅਧਿਕਾਰੀ ਮਿਡ-ਡੇ-ਮੀਲ ਵਰਕਰਾਂ ਨੂੰ ਜ਼ਮੀਨੀ ਪੱਧਰ 'ਤੇ ਆ ਰਹੀਆਂ ਵਿਵਹਾਰਕ ਮੁਸ਼ਕਲਾਂ ਦੀ (ਬਾਕੀ ਸਫ਼ਾ 2 'ਤੇ)

## ਲਦਾਖ ਦੀਆਂ ਮੰਗਾਂ ਲਈ ਸੋਨਮ ਵਾਂਗਚੁਕ 20 ਕਿਲੋਮੀਟਰ ਦਾ ਮਾਰਚ ਕਰਨਗੇ

**ਲੇਹ, 21 ਸਤੰਬਰ (ਪੈ.ਗਾਮ-ਏ-ਜਗਤ)**

ਦਿੱਲੀ ਦੇ ਜੰਤਰ-ਮੰਤਰ ਵਿਖੇ ਭੁੱਖ-ਹੜਤਾਲ ਤੋਂ ਬਾਅਦ, ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਨੇ ਲਦਾਖ ਦੀਆਂ ਮੰਗਾਂ ਨੂੰ ਲੈ ਕੇ ਇੱਕ ਵਾਰ ਫਿਰ ਵੱਡੇ ਅੰਦੋਲਨ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ 'ਤੇ ਲਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਅਤੇ ਇਸ ਖੇਤਰ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਲਈ ਦਬਾਅ ਪਾਉਣ ਵਾਸਤੇ, ਵਾਂਗਚੁਕ ਬੁੱਧਵਾਰ, 23 ਸਤੰਬਰ ਨੂੰ 20 ਕਿਲੋਮੀਟਰ ਲੰਬਾ ਮਾਰਚ ਸ਼ੁਰੂ ਕਰਨਗੇ। ਇਸ ਤੋਂ ਅਗਲੇ ਦਿਨ, 24 ਸਤੰਬਰ ਨੂੰ ਲਦਾਖ ਵਿੱਚ 'ਸ਼ਹੀਦ ਦਿਵਸ' ਵਜੋਂ ਮਨਾਇਆ ਜਾਵੇਗਾ। ਇਹ ਅੰਦੋਲਨ ਉਸ ਪੁਲਿਸ ਕਾਰਵਾਈ ਦੇ ਠੀਕ ਇੱਕ ਸਾਲ ਬਾਅਦ ਸ਼ੁਰੂ ਹੋ ਰਿਹਾ ਹੈ ਜਿਸ ਵਿੱਚ ਚਾਰ ਬੇਕਸੂਰ ਲੋਕਾਂ ਦੀ ਜਾਨ ਚਲੀ ਗਈ ਸੀ। ਵਾਂਗਚੁਕ ਅਤੇ ਲਦਾਖ ਦੇ ਪ੍ਰਮੁੱਖ ਸਮਾਜਿਕ-ਰਾਜਨੀਤਿਕ ਆਗੂਆਂ ਨੇ ਸ਼ੁਰੂ ਵਿੱਚ 19 ਤੋਂ 24 ਸਤੰਬਰ ਤੱਕ ਰੋਸ ਪ੍ਰਦਰਸ਼ਨਾਂ ਦੀ ਯੋਜਨਾ ਬਣਾਈ ਸੀ। (ਬਾਕੀ ਸਫ਼ਾ 2 'ਤੇ)

## ਪੈਟਰੋਲ 1000 ਰੁਪਏ ਤੱਕ ਪਹੁੰਚ ਸਕਦਾ ਹੈ: ਪਾਕਿਸਤਾਨੀ ਮੰਤਰੀ

- ਹਾਲੇ 389 ਰੁਪਏ ਲੀਟਰ; ਇਰਾਨ ਜੰਗ ਤੋਂ ਬਾਅਦ 50% ਮਹਿੰਗਾ ਹੋਇਆ

**ਕਰਾਚੀ, 21 ਸਤੰਬਰ (ਪੈ.ਗਾਮ-ਏ-ਜਗਤ)**


ਪਾਕਿਸਤਾਨ ਵਿੱਚ ਪੈਟਰੋਲ ਦੀ ਕੀਮਤ 1,000 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਸਕਦੀ ਹੈ। ਪੈਟਰੋਲੀਅਮ ਮੰਤਰੀ ਅਲੀ ਪਰਵੇਜ਼ ਮਲਿਕ ਨੇ ਐਤਵਾਰ ਨੂੰ ਕਿਹਾ ਕਿ ਜੇਕਰ ਦੇਸ਼ ਵਿੱਚ ਪੈਟਰੋਲ ਦੀ ਘੱਟ ਹੁੰਦੀ ਹੈ ਤਾਂ ਕੀਮਤਾਂ ਹੋਰ ਵਧ ਸਕਦੀਆਂ ਹਨ। ਮੰਤਰੀ ਮੁਤਾਬਕ, ਪਾਕਿਸਤਾਨ ਵਿੱਚ ਪੈਟਰੋਲ ਹੁਣ ਤੱਕ ਲਗਭਗ 50% ਮਹਿੰਗਾ ਹੋ ਚੁੱਕਾ ਹੈ। ਫਿਲਹਾਲ ਪੈਟਰੋਲ 389 ਪਾਕਿਸਤਾਨੀ ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 424 ਰੁਪਏ ਪ੍ਰਤੀ ਲੀਟਰ ਹੈ। ਜੇਕਰ ਪੈਟਰੋਲ ਦੀ ਕੀਮਤ 1,000 ਪਾਕਿਸਤਾਨੀ ਰੁਪਏ ਪ੍ਰਤੀ ਲੀਟਰ ਤੱਕ ਪਹੁੰਚਦੀ ਹੈ, ਤਾਂ ਭਾਰਤੀ ਮੁੱਦਰਾ ਵਿੱਚ ਇਹ ਲਗਭਗ 346 ਰੁਪਏ ਪ੍ਰਤੀ ਲੀਟਰ ਹੋਵੇਗੀ। ਮਿਡਲ ਈਸਟ ਵਿੱਚ ਚੱਲ ਰਹੀ ਲੜਾਈ ਕਾਰਨ ਦੁਨੀਆ ਭਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ। ਇਹ ਜੰਗ 28 ਫਰਵਰੀ ਨੂੰ ਸ਼ੁਰੂ ਹੋਈ ਸੀ। (ਬਾਕੀ ਸਫ਼ਾ 2 'ਤੇ)

## ਰਾਮ ਮੰਦਰ 'ਚ ਚੜ੍ਹਾਵੇ ਦੀ ਚੋਰੀ ਦੀਆਂ 70 ਨਹੀਂ, ਸਗੋਂ 105 ਘਟਨਾਵਾਂ: ਸੁਪਰੀਮ ਕੋਰਟ

- ਐਸ.ਆਈ.ਟੀ. ਨੇ ਦੱਸਿਆ ਕਿ ਸਾਰੀਆਂ ਘਟਨਾਵਾਂ ਸੀਸੀਟੀਵੀ ਵਿੱਚ ਦਰਜ ਹਨ
- ਦੋ ਦਿਨਾਂ ਵਿੱਚ ਚਾਰਜਸ਼ੀਟ ਦਾਖਲ ਕੀਤੀ ਜਾਵੇਗੀ

**ਅਯੁੱਧਿਆ, 21 ਸਤੰਬਰ (ਪੈ.ਗਾਮ-ਏ-ਜਗਤ)**

ਅਯੁੱਧਿਆ ਰਾਮ ਮੰਦਰ ਵਿੱਚ ਚੜ੍ਹਾਵੇ ਦੀ ਚੋਰੀ ਦੇ ਮਾਮਲੇ ਵਿੱਚ ਇੱਕ ਵੱਡਾ ਖੁਲਾਸਾ ਹੋਇਆ ਹੈ। ਸੋਮਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਕਿ ਮੰਦਰ ਦੀ ਸੀਸੀਟੀਵੀ ਫੁਟੇਜ ਵਿੱਚ ਚੜ੍ਹਾਵੇ ਦੀ ਚੋਰੀ ਦੀਆਂ 70 ਨਹੀਂ, ਸਗੋਂ 105 ਘਟਨਾਵਾਂ ਕੈਦ ਹੋਈਆਂ ਹਨ। ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਵਿਸ਼ੇਸ਼ ਜਾਂਚ ਟੀਮ ਦੀ ਸਥਿਤੀ ਰਿਪੋਰਟ ਦੇ ਆਧਾਰ 'ਤੇ ਅਦਾਲਤ ਨੂੰ ਜਾਂਚ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ



ਐਸ.ਆਈ.ਟੀ. ਦੀ ਜਾਂਚ ਲਗਭਗ ਮੁਕੰਮਲ ਹੋ ਚੁੱਕੀ ਹੈ। ਐਸ.ਆਈ.ਟੀ. ਨੇ ਸੀਸੀਟੀਵੀ ਫੁਟੇਜ, ਗਵਾਹਾਂ ਦੇ ਬਿਆਨਾਂ ਅਤੇ ਹੋਰ ਸਬੂਤਾਂ ਦੀ ਜਾਂਚ ਕਰਨ ਤੋਂ ਬਾਅਦ ਦੋਸ਼ੀਆਂ ਦੀ ਪਛਾਣ ਕਰ ਲਈ ਹੈ। ਚੜ੍ਹਾਵੇ ਅਤੇ ਕੀਮਤੀ ਵਸਤੂਆਂ ਦੀਆਂ ਰਸੀਦਾਂ ਸਾਫਟਵੇਅਰ ਰਾਹੀਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਸਤੂਆਂ ਨੂੰ ਐਸ.ਬੀ.ਆਈ. ਦੇ ਲਾਕਰ ਵਿੱਚ ਰੱਖਿਆ ਜਾਂਦਾ ਹੈ। ਅਦਾਲਤ ਨੇ ਐਸ.ਆਈ.ਟੀ. ਦੀ ਸਥਿਤੀ ਰਿਪੋਰਟ ਨੂੰ ਰਿਕਾਰਡ 'ਤੇ ਲੈ ਲਿਆ ਹੈ।

ਇਸ ਤੋਂ ਪਹਿਲਾਂ, 23 ਜੂਨ ਨੂੰ, ਸ਼ੁਰੂਆਤੀ ਐਸ.ਆਈ.ਟੀ. ਨੇ ਰਾਜ ਸਰਕਾਰ ਨੂੰ ਆਪਣੀ ਮੁੱਢਲੀ ਜਾਂਚ ਰਿਪੋਰਟ ਸੌਂਪੀ ਸੀ। ਰਿਪੋਰਟ ਅਨੁਸਾਰ, 27 ਅਪ੍ਰੈਲ ਤੋਂ 5 ਜੂਨ ਦੇ ਵਿਚਕਾਰ ਸੀਸੀਟੀਵੀ ਵਿੱਚ ਲਗਭਗ 70 ਸ਼ੱਕੀ ਘਟਨਾਵਾਂ ਕੈਦ ਹੋਈਆਂ ਸਨ। ਫੁਟੇਜ ਵਿੱਚ ਅੱਠ ਦੋਸ਼ੀ—ਜਿਨ੍ਹਾਂ ਨੂੰ ਬਾਅਦ ਵਿੱਚ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ—ਆਪਣੀਆਂ ਜੇਬਾਂ ਅਤੇ ਜੁੱਤੀਆਂ ਵਿੱਚ ਕਰੰਸੀ ਨੋਟਾਂ ਦੀਆਂ ਗੰਢਾਂ ਲੁਕਾਉਂਦੇ ਹੋਏ ਦਿਖਾਈ ਦਿੱਤੇ ਸਨ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਹੇਠ ਇੱਕ ਦੂਜੀ ਐਸ.ਆਈ.ਟੀ. (ਬਾਕੀ ਸਫ਼ਾ 2 'ਤੇ)

## ਕੈਨੇਡਾ 'ਚ ਉਡਾਣ ਸਿਖਲਾਈ ਦੌਰਾਨ ਜਹਾਜ਼ ਹਾਦਸੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ

- ਮ੍ਰਿਤਕਾਂ ਦੀ ਪਛਾਣ ਤਾਮਿਲਨਾਡੂ ਦੇ ਮਨੋਜ ਸ਼ਿਵਕੁਮਾਰ ਅਤੇ ਪੁਡੂਚੇਰੀ ਦੇ ਸ੍ਰੀਸਰਨ ਥਿਰੂਗਨਾਨਾਸੰਬੰਥਮ ਵਜੋਂ ਹੋਈ




**ਟੋਰਾਂਟੋ, 21 ਸਤੰਬਰ (ਪੈ.ਗਾਮ-ਏ-ਜਗਤ)**

ਕੈਨੇਡਾ ਵਿੱਚ ਉਡਾਣ ਸਿਖਲਾਈ (ਫਲਾਈਟ ਟਰੇਨਿੰਗ) ਦੌਰਾਨ ਜਹਾਜ਼ ਹਾਦਸੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ। ਭਾਰਤੀ ਮਿਸ਼ਨ ਨੇ ਇਹ ਜਾਣਕਾਰੀ ਦਿੱਤੀ। ਮ੍ਰਿਤਕਾਂ ਦੀ ਪਛਾਣ ਤਾਮਿਲਨਾਡੂ ਦੇ ਮਨੋਜ ਸ਼ਿਵਕੁਮਾਰ ਅਤੇ ਪੁਡੂਚੇਰੀ ਦੇ ਸ੍ਰੀਸਰਨ ਥਿਰੂਗਨਾਨਾਸੰਬੰਥਮ ਵਜੋਂ ਕੀਤੀ ਗਈ ਹੈ। ਵੈਨਕੂਵਰ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਨੇ ਐਤਵਾਰ ਨੂੰ ਦੋਵਾਂ (ਬਾਕੀ ਸਫ਼ਾ 2 'ਤੇ)

## ਸੋਨੀਆ ਗਾਂਧੀ ਦੇ ਵੋਟਰ ਵਿਵਾਦ ਵਿੱਚ ਕੋਰਟ ਨੇ ਫ਼ੈਸਲਾ ਪਲਟਿਆ

- ਨਵੇਂ ਸਿਰੇ ਤੋਂ ਹੋਵੇਗੀ ਸੁਣਵਾਈ; ਦੋਸ਼-1983 ਵਿੱਚ ਨਾਗਰਿਕਤਾ ਮਿਲੀ, 1980 ਵਿੱਚ ਵੋਟਰ ਬਣੀ

**ਨਵੀਂ ਦਿੱਲੀ, 21 ਸਤੰਬਰ (ਪੈ.ਗਾਮ-ਏ-ਜਗਤ)**

ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੋਮਵਾਰ ਨੂੰ ਕਾਂਗਰਸ ਆਗੂ ਸੋਨੀਆ ਗਾਂਧੀ ਨਾਲ ਸਬੰਧਤ ਵੋਟਰ ਵਿਵਾਦ ਦੇ ਮਾਮਲੇ ਵਿੱਚ ਮੈਜਿਸਟਰੇਟ ਅਦਾਲਤ ਦਾ ਇੱਕ ਸਾਲ ਪੁਰਾਣਾ ਫ਼ੈਸਲਾ ਪਲਟ ਦਿੱਤਾ ਹੈ। ਅਦਾਲਤ ਨੇ ਮਾਮਲੇ ਦੀ ਮੁੜ ਸੁਣਵਾਈ ਦੇ ਨਿਰਦੇਸ਼ ਦਿੱਤੇ ਹਨ। ਇਹ ਮਾਮਲਾ ਸੋਨੀਆ ਗਾਂਧੀ ਦਾ ਨਾਮ ਵੋਟਰ ਸੂਚੀ ਵਿੱਚ ਕਥਿਤ ਤੌਰ 'ਤੇ ਗ਼ਲਤ ਢੰਗ ਨਾਲ ਦਰਜ ਕੀਤੇ ਜਾਣ ਦੇ ਦੋਸ਼ਾਂ ਨਾਲ ਸਬੰਧਤ ਹੈ।



ਇਸ ਮਾਮਲੇ ਵਿੱਚ ਵਕੀਲ ਵਿਕਾਸ ਤ੍ਰਿਪਾਠੀ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸੋਨੀਆ ਗਾਂਧੀ ਦਾ ਨਾਮ 1980 ਵਿੱਚ ਨਵੀਂ ਦਿੱਲੀ ਸੰਸਦੀ ਹਲਕੇ ਦੀ ਵੋਟਰ ਸੂਚੀ ਵਿੱਚ ਦਰਜ ਕੀਤਾ ਗਿਆ ਸੀ, ਜਦਕਿ ਉਨ੍ਹਾਂ ਨੇ 30 ਅਪਰੈਲ 1983 ਨੂੰ ਭਾਰਤੀ ਨਾਗਰਿਕਤਾ ਹਾਸਲ ਕੀਤੀ ਸੀ।

ਇਸ ਤੋਂ ਪਹਿਲਾਂ 11 ਸਤੰਬਰ 2025 ਨੂੰ ਮੈਜਿਸਟਰੇਟ ਅਦਾਲਤ ਨੇ ਸੋਨੀਆ ਗਾਂਧੀ ਖ਼?ਲਾਫ਼ ਧੋਖਾਧੜੀ ਅਤੇ ਜਾਅਲਸਾਜ਼ੀ ਦੇ ਦੋਸ਼ਾਂ ਤਹਿਤ ਐੱਫਆਈਆਰ ਦਰਜ ਕਰਨ ਦੀ ਮੰਗ ਰੱਦ ਕਰ ਦਿੱਤੀ ਸੀ। ਹੁਣ ਰਾਊਜ਼ ਐਵੇਨਿਊ ਅਦਾਲਤ ਨੇ ਉਸ ਹੁਕਮ ਵਿੱਚ ਖਾਮੀਆਂ ਦੱਸਦਿਆਂ ਮਾਮਲੇ ਦੀ ਮੁੜ ਸੁਣਵਾਈ ਦਾ ਰਾਹ ਖੋਲ੍ਹ ਦਿੱਤਾ ਹੈ।


ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਸੋਨੀਆ ਗਾਂਧੀ ਦਾ ਨਾਮ 1980 ਵਿੱਚ ਨਵੀਂ ਦਿੱਲੀ ਸੰਸਦੀ ਹਲਕੇ ਦੀ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਸ਼ਿਕਾਇਤਕਰਤਾ ਮੁਤਾਬਕ 1982 ਵਿੱਚ ਉਨ੍ਹਾਂ ਦਾ ਨਾਮ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਅਤੇ 1983 ਵਿੱਚ ਮੁੜ ਸ਼ਾਮਲ ਕੀਤਾ ਗਿਆ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ 1983 ਵਿੱਚ ਮੁੜ ਨਾਮ ਦਰਜ ਕੀਤੇ ਜਾਣ ਦੀ ਕਾਰਵਾਈ ਵੀ 30 ਅਪਰੈਲ ਨੂੰ ਨਾਗਰਿਕਤਾ ਮਿਲਣ ਤੋਂ ਪਹਿਲਾਂ ਹੋਈ ਸੀ। ਰਾਊਜ਼ ਐਵੇਨਿਊ ਅਦਾਲਤ ਨੇ ਮੈਜਿਸਟਰੇਟ ਦੇ ਪੁਰਾਣੇ ਹੁਕਮ ਵਿੱਚ ਕਈ ਖਾਮੀਆਂ ਦਾ ਜ਼ਿਕਰ ਕੀਤਾ। ਅਦਾਲਤ ਮੁਤਾਬਕ ਪਹਿਲੇ ਹੁਕਮ ਵਿੱਚ ਇਸ ਗੱਲ ਦੀ ਢੁਕਵੀਂ ਜਾਂਚ ਨਹੀਂ ਕੀਤੀ ਗਈ ਕਿ ਸੋਨੀਆ ਗਾਂਧੀ ਦਾ ਨਾਮ 1980 ਵਿੱਚ ਵੋਟਰ ਸੂਚੀ (ਬਾਕੀ ਸਫ਼ਾ 2 'ਤੇ)




## ਪਾਕਿਸਤਾਨ ਨੇ ਅਫਗਾਨਿਸਤਾਨ 'ਤੇ ਇੱਕ ਹੋਰ ਹਵਾਈ ਹਮਲਾ ਕੀਤਾ; 3 ਲੋਕਾਂ ਦੀ ਮੌਤ

**ਕਾਬੁਲ, 21 ਸਤੰਬਰ (ਪੈ.ਗਾਮ-ਏ-ਜਗਤ)**

ਪਾਕਿਸਤਾਨ ਨੇ ਇੱਕ ਵਾਰ ਫਿਰ ਅਫਗਾਨਿਸਤਾਨ 'ਤੇ ਹਵਾਈ ਹਮਲਾ ਕੀਤਾ ਹੈ। ਸੋਮਵਾਰ ਤੜਕੇ, ਪਾਕਿਸਤਾਨੀ ਲੜਾਕੂ ਜਹਾਜ਼ਾਂ ਨੇ ਪੂਰਬੀ ਅਫਗਾਨਿਸਤਾਨ ਦੇ ਕੁਨਾਰ ਅਤੇ ਪਕਤਿਕਾ ਸੂਬਿਆਂ ਨੂੰ ਨਿਸ਼ਾਨਾ ਬਣਾਇਆ। ਮੁੱਢਲੀਆਂ ਰਿਪੋਰਟਾਂ ਅਨੁਸਾਰ, ਇਨ੍ਹਾਂ ਹਮਲਿਆਂ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਆਮ ਨਾਗਰਿਕ ਜ਼ਖ਼ਮੀ ਹੋ ਗਏ।



ਪਾਕਿਸਤਾਨੀ ਜਹਾਜ਼ਾਂ ਨੇ ਕੁਨਾਰ ਸੂਬੇ ਦੇ ਨੁਰਗਾਲ ਜ਼ਿਲ੍ਹੇ ਦੇ ਪਾਤੰਗ ਇਲਾਕੇ ਵਿੱਚ ਬੰਬਾਰੀ ਕੀਤੀ। ਸਥਾਨਕ ਰਿਪੋਰਟਾਂ ਦੱਸਦੀਆਂ ਹਨ ਕਿ ਇੱਕ ਹਮਲੇ ਦੌਰਾਨ ਨੂਰ ਮੁਹੰਮਦ ਨਾਮਕ ਵਿਅਕਤੀ ਦਾ ਘਰ ਪੂਰੀ ਤਰ੍ਹਾਂ ਤਬਾਹ ਹੋ ਗਿਆ; ਨੇੜਲੇ ਘਰਾਂ ਨੂੰ ਵੀ ਨੁਕਸਾਨ ਪਹੁੰਚਣ ਦੀ ਖਬਰ ਹੈ। ਹਮਲੇ ਤੋਂ ਬਾਅਦ, ਸਥਾਨਕ ਲੋਕਾਂ ਨੂੰ ਮਲਬੇ ਵਿੱਚੋਂ ਆਪਣਾ ਸਾਮਾਨ ਲੱਭਦੇ ਦੇਖਿਆ ਗਿਆ। ਘਟਨਾ ਵਾਲੀ ਥਾਂ 'ਤੇ ਬੰਬਾਂ ਦੇ ਅਵਸ਼ੇਸ਼ ਵੀ ਮਿਲੇ ਹਨ।

ਰਿਪੋਰਟਾਂ ਅਨੁਸਾਰ, ਸੋਮਵਾਰ ਸਵੇਰੇ ਕਰੀਬ 3:30 ਵਜੇ ਪਾਕਿਸਤਾਨੀ ਲੜਾਕੂ ਜਹਾਜ਼ਾਂ ਦੀ ਆਵਾਜਾਈ ਕਾਰਨ ਕੁਨਾਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਦਹਿਸ਼ਤ ਫੈਲ ਗਈ। ਬੰਬਾਰੀ ਕਰਨ ਤੋਂ ਪਹਿਲਾਂ ਜਹਾਜ਼ਾਂ ਨੇ ਕਾਫ਼ੀ ਸਮੇਂ ਤੱਕ ਅਸਮਾਨ ਵਿੱਚ ਚੱਕਰ ਲਗਾਏ। ਪਕਤਿਕਾ ਵਿੱਚ ਵੀ ਪਾਕਿਸਤਾਨੀ ਜਹਾਜ਼ਾਂ ਵੱਲੋਂ ਹਵਾਈ ਹਮਲੇ ਕਰਨ ਦੀਆਂ ਖ਼ਬਰਾਂ ਹਨ। ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਨਿਸ਼ਾਨਾ ਬਣਾਏ ਗਏ ਘਰ ਦੇ ਅੰਦਰ ਕਿੰਨੇ ਲੋਕ ਮੌਜੂਦ ਸਨ। ਨੁਕਸਾਨ ਦਾ ਸਥਾਨਕ ਪੱਧਰ 'ਤੇ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਰਾਹਤ ਤੇ (ਬਾਕੀ ਸਫ਼ਾ 2 'ਤੇ)

## ਜ਼ਹੀਰ ਖਾਨ ਚੇਨਈ ਸੁਪਰ ਕਿੰਗਜ਼ ਦੇ ਮੁੱਖ ਕੋਚ ਨਿਯੁਕਤ

**ਮੁੰਬਈ, 21 ਸਤੰਬਰ (ਪੈ.ਗਾਮ-ਏ-ਜਗਤ)**

ਭਾਰਤ ਦੇ ਸਾਬਕਾ ਤੇਜ਼ ਗੇਂਦਬਾਜ਼ ਜ਼ਹੀਰ ਖਾਨ ਚੇਨਈ ਸੁਪਰ ਕਿੰਗਜ਼ ਦੇ ਨਵੇਂ ਮੁੱਖ ਕੋਚ ਹੋਣਗੇ। ਫਰੈਂਚਾਇਜ਼ੀ ਨੇ ਸੋਮਵਾਰ ਨੂੰ ਇਸ ਦਾ ਐਲਾਨ ਕੀਤਾ। ਜ਼ਹੀਰ, ਸਟੀਫਨ ਫਲੇਮਿੰਗ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ 2009 ਤੋਂ 2026 ਤੱਕ CSK ਦੇ ਮੁੱਖ ਕੋਚ ਵਜੋਂ ਸੇਵਾ ਨਿਭਾਈ। ਫਲੇਮਿੰਗ ਦਾ ਟੀਮ ਨਾਲ ਸਬੰਧ 2008 ਵਿੱਚ ਸ਼ੁਰੂ ਹੋਇਆ ਸੀ ਜਦੋਂ ਉਹ ਇੱਕ ਖਿਡਾਰੀ ਵਜੋਂ ਟੀਮ ਵਿੱਚ ਸ਼ਾਮਲ ਹੋਏ ਸਨ।

ਇਹ ਪਹਿਲੀ ਵਾਰ ਹੈ ਜਦੋਂ ਜ਼ਹੀਰ ਕਿਸੇ ਆਈਪੀਐਲ ਫਰੈਂਚਾਇਜ਼ੀ ਲਈ ਮੁੱਖ ਕੋਚ ਦੀ ਭੂਮਿਕਾ ਨਿਭਾਉਣਗੇ। ਹਾਲਾਂਕਿ, ਉਹ ਕਈ ਸਾਲਾਂ ਤੋਂ ਟੀਮ ਪ੍ਰਬੰਧਨ ਅਤੇ ਖਿਡਾਰੀਆਂ ਦੇ ਵਿਕਾਸ ਦੇ ਕੰਮਾਂ ਨਾਲ ਜੁੜੇ ਹੋਏ ਹਨ। ਮੁੰਬਈ ਇੰਡੀਅਨਜ਼ ਵਿੱਚ, ਉਨ੍ਹਾਂ ਨੇ 'ਡਾਇਰੈਕਟਰ ਆਫ਼ ਕ੍ਰਿਕਟ ਓਪਰੇਸ਼ਨਜ਼' ਅਤੇ ਬਾਅਦ ਵਿੱਚ 'ਹੈੱਡ ਆਫ਼ ਗਲੋਬਲ ਡਿਵੈਲਪਮੈਂਟ' ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਆਈਪੀਐਲ 2025 (ਬਾਕੀ ਸਫ਼ਾ 2 'ਤੇ)

## ਲਾਹੌਲ ਦੇ ਸਿੱਸੂ ਵਿੱਚ ਡੂੰਘੀ ਖੱਡ 'ਚ ਡਿੱਗੀ ਕਾਰ; ਦੋ ਦੀ ਮੌਤ, ਤਿੰਨ ਜ਼ਖ਼ਮੀ

- ਇਹ ਹਾਦਸਾ ਦੇਰ ਰਾਤ ਮਨਾਲੀ-ਲੇਹ ਹਾਈਵੇਅ 'ਤੇ ਵਾਪਰਿਆ

**ਕੁੱਲੂ/ਲਾਹੌਲ, 21 ਸਤੰਬਰ (ਪੈ.ਗਾਮ-ਏ-ਜਗਤ)**

ਐਤਵਾਰ ਦੇਰ ਰਾਤ ਲਾਹੌਲ ਦੇ ਸਿੱਸੂ ਵਿਖੇ ਮਨਾਲੀ-ਲੇਹ ਨੈਸ਼ਨਲ ਹਾਈਵੇਅ 'ਤੇ ਸੜਕ ਹਾਦਸਾ ਵਾਪਰਿਆ। 'ਸੈਲਫੀ ਪੁਆਇੰਟ' ਨੇੜੇ ਇੱਕ ਕਾਰ ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਗੱਡੀ ਵਿੱਚ ਸਵਾਰ ਦੋ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ। ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਅਨੁਸਾਰ, ਗੱਡੀ ਗੋਂਧਲਾ ਵੱਲ ਜਾ ਰਹੀ ਸੀ। ਸਿੱਸੂ ਸੈਲਫੀ ਪੁਆਇੰਟ ਨੇੜੇ ਗੱਡੀ ਅਚਾਨਕ ਬੇਕਾਬੂ ਹੋ ਗਈ ਅਤੇ ਸੜਕ ਤੋਂ ਹੇਠਾਂ ਡਿੱਗ ਗਈ।

ਕਾਰ ਵਿੱਚ ਪੰਜ ਵਿਅਕਤੀ ਸਵਾਰ ਸਨ। ਸੁਰੇਸ਼, ਪੁੱਤਰ ਟੋਟਾ ਰਾਮ – ਜੋ ਕਿ ਬਧਿਆਲ (ਤਹਿਸੀਲ ਬਲਹ, ਜ਼ਿਲ੍ਹਾ ਮੰਡੀ) ਦਾ ਵਸਨੀਕ ਸੀ – ਦੀ ਮੌਕੇ 'ਤੇ ਹੀ ਮੌਤ ਹੋ ਗਈ। ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਕੇਲੋਂਗ ਦੇ ਖੇਤਰੀ ਹਸਪਤਾਲ ਲਿਜਾਇਆ ਗਿਆ।



ਜ਼ਖ਼ਮੀਆਂ ਵਿੱਚ ਮੋਹਨ ਸਿੰਘ (ਪੁੱਤਰ ਸੇਵਕ ਰਾਮ, ਵਾਸੀ ਚੁਵਾਰੀ/ਰਾਜਗੜ੍ਹ, ਤਹਿਸੀਲ ਬਲਹ), ਨਿਖਿਲ (ਪੁੱਤਰ ਰਮੇਸ਼ ਚੰਦ, ਵਾਸੀ ਸਕਰੋਆ, ਤਹਿਸੀਲ ਬਲਹ), ਬਬਲੂ (ਪੁੱਤਰ ਹਲਕੂ ਰਾਮ, ਵਾਸੀ ਮੰਡੀ) ਅਤੇ ਪਵਨ ਕੁਮਾਰ (ਪੁੱਤਰ ਲਕਸ਼ਮਣ ਦਾਸ, ਵਾਸੀ ਟਿੱਕਰ, ਤਹਿਸੀਲ ਬਲਹ) ਸ਼ਾਮਲ ਸਨ। ਬਬਲੂ, ਮੋਹਨ ਸਿੰਘ ਅਤੇ ਪਵਨ ਕੁਮਾਰ ਦੀ ਹਾਲਤ ਗੰਭੀਰ ਦੱਸੀ ਗਈ ਸੀ; ਨਤੀਜੇ ਵਜੋਂ, ਤਿੰਨਾਂ ਨੂੰ ਬਿਹਤਰ ਇਲਾਜ ਲਈ ਕੁੱਲੂ ਦੇ ਖੇਤਰੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਲਾਜ ਦੌਰਾਨ ਬਬਲੂ ਦੀ ਮੌਤ ਹੋ (ਬਾਕੀ ਸਫ਼ਾ 2 'ਤੇ)

### ਬਾਜ਼ਾਰ ਦੀ ਮਜ਼ਬੂਤ ਸ਼ੁਰੂਆਤ

## ਸੈਂਸੈਕਸ 448 ਅੰਕ ਚੜ੍ਹਿਆ, ਨਿਫਟੀ ਵਿੱਚ ਵੀ ਵਾਧਾ

**ਮੁੰਬਈ, 21 ਸਤੰਬਰ (ਪੈ.ਗਾਮ-ਏ-ਜਗਤ)**

ਸੋਮਵਾਰ ਨੂੰ ਸ਼ੁਰੂਆਤੀ ਕਾਰੋਬਾਰ ਦੌਰਾਨ ਪ੍ਰਮੁੱਖ ਸਟਾਕ ਸੂਚਕਾਂਕ - ਸੈਂਸੈਕਸ ਅਤੇ ਨਿਫਟੀ - ਵਾਧੇ ਨਾਲ ਖੁੱਲ੍ਹੇ। ਇਸ ਵਾਧੇ ਪਿੱਛੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ, ਵਿਦੇਸ਼ੀ ਫੰਡਾਂ ਵੱਲੋਂ ਕੀਤੀ ਗਈ ਨਵੀਂ ਖਰੀਦਦਾਰੀ ਅਤੇ ਏਸ਼ੀਆਈ ਬਾਜ਼ਾਰਾਂ ਵਿੱਚ ਸਕਾਰਾਤਮਕ ਰੁਝਾਨ ਮੁੱਖ ਕਾਰਨ ਰਹੇ। 30-ਸ਼ੇਅਰਾਂ ਵਾਲਾ ਬੀ.ਐਸ.ਈ. ਸੈਂਸੈਕਸ 448.32 ਅੰਕਾਂ ਦੇ ਉਛਾਲ ਨਾਲ 74,743.28 'ਤੇ ਪਹੁੰਚ ਗਿਆ, ਜਦੋਂ ਕਿ 50-ਸ਼ੇਅਰਾਂ ਵਾਲਾ ਐਨ.ਐਸ.ਈ. ਨਿਫਟੀ 50.3 ਅੰਕ ਚੜ੍ਹ ਕੇ 23,396.70 'ਤੇ ਪਹੁੰਚ ਗਿਆ। ਸੈਂਸੈਕਸ ਦੀਆਂ ਕੰਪਨੀਆਂ ਵਿੱਚੋਂ ਅਲਟਰਾਟੈਕ ਸੀਮੈਂਟ, ਇੰਟਰਗਲੋਬ ਏਵੀਏਸ਼ਨ, ਏਸ਼ੀਅਨ ਪੇਂਟਸ, ਸਨ ਫਾਰਮਾ, ਐਚ.ਸੀ.ਐਲ. ਟੈਕ ਅਤੇ ਟ੍ਰੈਂਟ ਮੁੱਖ ਤੌਰ 'ਤੇ ਲਾਭ ਕਮਾਉਣ ਵਾਲੀਆਂ (ਬਾਕੀ ਸਫ਼ਾ 2 'ਤੇ)

# ਅੰਮ੍ਰਿਤਸਰ ਵਿੱਚ ਅਮਨ, ਏਕਤਾ ਅਤੇ ਮਨੁੱਖਤਾ ’ਤੇ ’ਵਿਸ਼ਵ ਸ਼ਾਂਤੀ ਯਾਤਰਾ’ ਆਯੋਜਿਤ

**ਅੰਮ੍ਰਿਤਸਰ, 21 ਸਤੰਬਰ** (ਪੈ.ਗਾਮ-ਏ-ਜਗਤ)

ਸ਼ਾਂਤੀ, ਏਕਤਾ, ਪਿਆਰ ਅਤੇ ਮਨੁੱਖੀ ਇੱਕਜੁੱਟਤਾ ਨੂੰ ਸਮਰਪਿਤ ਇੱਕ ਮਜ਼ਬੂਤ ਦੇਸ਼-ਵਿਆਪੀ ਅੰਦੋਲਨ ਨਾਲ ਜੁੜਦਿਆਂ ਐਤਵਾਰ ਨੂੰ 1,000 ਤੋਂ ਵੱਧ ਲੋਕ ’ਵਿਸ਼ਵ ਸ਼ਾਂਤੀ ਯਾਤਰਾ’ ਲਈ ਅੰਮ੍ਰਿਤਸਰ ਵਿੱਚ ਇਕੱਠੇ ਹੋਏ। ਇਹ ਸ਼ਾਂਤੀ ਯਾਤਰਾ ਕੰਪਨੀ ਗਾਰਡਨ, ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਮਾਲ ਰੋਡ ਤੋਂ ਲੰਘੀ, ਜਿਸ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕ ਇੱਕ ਸਾਂਝੇ ਮਕਸਦ — ਸ਼ਾਂਤੀ ਲਈ ਖੜ੍ਹੇ ਹੋਣ, ਸ਼ਾਂਤੀ ਲਈ ਚੱਲਣ ਅਤੇ ਪਿਆਰ ਤੇ ਸ਼ਾਂਤੀ ਦਾ ਸੰਦੇਸ਼ ਫੈਲਾਉਣ ਲਈ ਇੱਕਠੇ ਆਏ।



ਇਹ ਸ਼ਾਂਤੀ ਯਾਤਰਾ ’ਅਖਿਲ ਭਾਰਤੀ ਆਧਿਆਤਮਿਕ ਸਮਿਤੀ’ ਦੁਆਰਾ ਆਯੋਜਿਤ ਦੇਸ਼-ਵਿਆਪੀ ਵਿਸ਼ਵ ਸ਼ਾਂਤੀ ਯਾਤਰਾ ਦਾ ਹਿੱਸਾ ਸੀ, ਜੋ ਦੇਸ਼ ਭਰ ਦੇ 35 ਤੋਂ ਵੱਧ ਸ਼ਹਿਰਾਂ ਵਿੱਚ 100 ਤੋਂ ਵੱਧ ਸਥਾਨਾਂ ’ਤੇ ਇੱਕੋ ਸਮੇਂ ਆਯੋਜਿਤ ਕੀਤੀ ਗਈ। ਇਸਨੇ ਸ਼ਾਂਤੀ ਦੀ ਸਾਂਝੀ ਅਭਿਵਿਅਕਤੀ ਵਿੱਚ ਆਧਿਆਤਮਿਕ ਸੰਗਠਨਾਂ, ਭਾਈਚਾਰਿਆਂ, ਸੰਸਥਾਵਾਂ ਅਤੇ ਵਿਅਕਤੀਆਂ ਨੂੰ ਇੱਕਜੁੱਟ ਕਰਨ ਦਾ ਕੰਮ ਕੀਤਾ।

ਇਸ ਸ਼ਾਂਤੀ ਯਾਤਰਾ ਵਿੱਚ ਕਈ ਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਅੰਮ੍ਰਿਤਸਰ ਦੀ ਸੀਨੀਅਰ ਡਿਪਟੀ ਮੇਅਰ ਪ੍ਰਿਯੰਕਾ ਸ਼ਰਮਾ, ਕੁਨਿਕਾ ਸਦਾਨੰਦ ਜੀ, ਸ਼੍ਰੀ ਗੁਰੂ ਰਾਮਦਾਸ ਲੋਕ ਭਲਾਈ ਸੁਸਾਇਟੀ ਤੋਂ ਭਾਈ ਸੁਰਿੰਦਰ ਸਿੰਘ ਅਰੋੜਾ ਵੀਰ ਜੀ, ਅਤੇ ਮੈਡੀਕੇਡ ਹਸਪਤਾਲ ਦੇ ਚੇਅਰਮੈਨ ਤੇ ਸਾਬਕਾ ਰੋਟਰੀ ਗਵਰਨਰ ਡਾ. ਪੀ. ਐੱਸ. ਗ੍ਰੋਵਰ ਸ਼ਾਮਲ ਸਨ।

ਯਾਤਰਾ ਵਿੱਚ ਅਖਿਲ ਭਾਰਤੀ ਆਧਿਆਤਮਿਕ ਸਮਿਤੀ ਦੀ ਨੁਮਾਇੰਦਗੀ ਸੁਖਅੰਮ੍ਰਿਤ ਸਿੰਘ ਨੇ ਕੀਤੀ। ਸ਼ਾਂਤੀ ਯਾਤਰਾ ਦਾ ਉਦੇਸ਼ ਹਰ ਵਿਅਕਤੀ ਨੂੰ ਇਹ ਮਹਿਸੂਸ ਕਰਨ ਲਈ ਪ੍ਰੇਰਿਤ ਕਰਨਾ ਸੀ ਕਿ ਸ਼ਾਂਤੀ ਸਿਰਫ਼ ਸਰਕਾਰਾਂ, ਸੰਸਥਾਵਾਂ ਜਾਂ ਸਮਾਜ ਤੋਂ ਉਮੀਦ ਕੀਤੀ ਜਾਣ ਵਾਲੀ ਚੀਜ਼ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਭਾਵਨਾ ਹੈ ਜਿਸਦੀ ਸ਼ੁਰੂਆਤ ਸਭ ਤੋਂ ਪਹਿਲਾਂ ਸਾਡੇ ਵਿੱਚੋਂ ਹਰੇਕ ਦੇ ਅੰਦਰੋਂ ਹੋਣੀ ਚਾਹੀਦੀ ਹੈ। ਇਸ ਦਾ ਮਕਸਦ ਸ਼ਾਂਤੀ ਨੂੰ ਸਿਰਫ਼ ਇੱਕ ਇੱਛਾ ਤੱਕ ਸੀਮਤ ਨਾ ਰੱਖ ਕੇ ਇਸਨੂੰ ਵਿਅਕਤੀਗਤ ਜ਼ਿੰਮੇਵਾਰੀ ਬਣਾਉਣਾ ਵੀ ਸੀ। ਸੰਦੇਸ਼ ਸਪੱਸ਼ਟ ਸੀ—ਸ਼ਾਂਤੀ ’ਤੇ ਸਭ ਦਾ ਹੱਕ ਹੈ, ਅਤੇ ਆਪਣੇ ਅੰਦਰ, ਆਪਣੇ ਰਿਸ਼ਤਿਆਂ ਵਿੱਚ, ਆਪਣੇ ਭਾਈਚਾਰੇ ਵਿੱਚ ਅਤੇ ਵਿਸ਼ਾਲ ਦੁਨੀਆ ਵਿੱਚ ਸ਼ਾਂਤੀ ਕਾਇਮ ਕਰਨ ਵਿੱਚ ਹਰ ਵਿਅਕਤੀ ਦੀ ਭੂਮਿਕਾ ਹੈ। ਯਾਤਰਾ ਨੇ ਭਾਰਤ ਦੇ ਸਦੀਵੀ ਆਧਿਆਤਮਿਕ ਮੁੱਲ ਵਸੁਧੈਵ ਕੁਟੁੰਬਕਮ—ਪੂਰਾ ਵਿਸ਼ਵ ਇੱਕ ਪਰਿਵਾਰ ਹੈ—ਨੂੰ ਵੀ ਉਜਾਗਰ ਕੀਤਾ। ਭਾਰਤ ਦੀ ਆਧਿਆਤਮਿਕ ਵਿਰਾਸਤ ਨੇ ਹਮੇਸ਼ਾ ਮਨੁੱਖਤਾ, ਦਇਆ ਅਤੇ ਵਿਸ਼ਵ ਭਲਾਈ ਨੂੰ ਆਪਣੀਆਂ ਗਿਆਨ ਪਰੰਪਰਾਵਾਂ ਦੇ ਕੇਂਦਰ ਵਿੱਚ ਰੱਖਿਆ ਹੈ। ਵਿਸ਼ਵ ਸ਼ਾਂਤੀ ਯਾਤਰਾ ਰਾਹੀਂ ਇਸ ਭਾਵਨਾ ਨੂੰ ਇੱਕ ਆਧੁਨਿਕ ਰੂਪ ਵਿੱਚ ਪ੍ਰਗਟ ਕੀਤਾ ਗਿਆ — ਜਿਸਨੇ ਭਾਰਤ ਨੂੰ ਸਮੁੱਚੇ ਮਨੁੱਖੀ ਪਰਿਵਾਰ ਪ੍ਰਤੀ ਗਿਆਨ, ਦਇਆ, ਸ਼ਾਂਤੀ ਅਤੇ ਜ਼ਿੰਮੇਵਾਰੀ ਦੇ ਮੁੱਲਾਂ ਨੂੰ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ। ਇਸ ਦੇਸ਼-ਵਿਆਪੀ ਪਹਿਲਕਦਮੀ ਵਿੱਚ ਤਿੰਨ ਆਪਸ ਵਿੱਚ ਜੁੜੇ ਹੋਏ ਸੰਦੇਸ਼ — ਵਿਸ਼ਵ ਗੁਰੂ ਭਾਰਤ ਦਾ ਸੰਦੇਸ਼, ਵਿਸ਼ਵ ਸ਼ਾਂਤੀ ਦਾ ਸੰਦੇਸ਼, ਅਤੇ ਮਨੁੱਖਤਾ ਲਈ ਭਾਰਤ ਨੂੰ ਇੱਕਜੁੱਟ ਕਰਨ ਦਾ ਸੰਦੇਸ਼ ਵੀ ਸ਼ਾਮਲ ਸਨ।

# ਵੱਡੀ ਉੱਮਰ ਅਤੇ ਲੰਬੀਆਂ ਦੌੜਾਂ ਦਾ ਮੈਰਾਥਨ

## ਦੌੜਾਕ ਹਰਜੀਤ ਸਿੰਘ ਚੰਡੀਗੜ੍ਹ

**ਸੈਕਟਰ-40ਡੀ**, ਚੰਡੀਗੜ੍ਹ ਦੇ ਵਸਨੀਕ ਹਰਜੀਤ ਸਿੰਘ ਨੇ ਦ੍ਰਿੜ੍ਹ ਇਰਾਦੇ, ਲੰਬੇ ਸਮੇਂ ਦੀ ਤਿਆਰੀ ਅਤੇ ਸਰੀਰਕ ਤੰਦਰੁਸਤੀ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹਿਮਾਚਲ ਪ੍ਰਦੇਸ਼ ਦੇ ਸਪਿਤੀ ਖੇਤਰ ਵਿੱਚ ਆਯੋਜਿਤ ਸਪਿਤੀ ਮੈਰਾਥਨ ਦੀ 42.195 ਕਿਲੋਮੀਟਰ ਫੁੱਲ ਮੈਰਾਥਨ 5 ਘੰਟੇ 46 ਮਿੰਟ ਵਿੱਚ ਸਫਲਤਾਪੂਰਵਕ ਪੂਰੀ ਕੀਤੀ।

57 ਸਾਲਾ ਹਰਜੀਤ ਸਿੰਘ ਨੇ ਇਹ ਦੌੜ ਸਮੁੰਦਰ ਤਲ ਤੋਂ 11,000 ਫੁੱਟ ਤੋਂ ਵੱਧ ਉੱਚਾਈ ਵਾਲੇ ਖੇਤਰ ਵਿੱਚ ਪੂਰੀ ਕੀਤੀ, ਜਿੱਥੇ ਉੱਚਾਈ ਕਾਰਨ ਸਮੁੰਦਰੀ ਤਲ ਦੇ ਮੁਕਾਬਲੇ ਲਗਭਗ 57 ਤੋਂ 63 ਫੀਸਦੀ ਤੱਕ ਉਪਲਬਧ ਆਕਸੀਜਨ ਵਾਲੇ ਹਾਲਾਤ ਹੋ ਸਕਦੇ ਹਨ। ਅਜਿਹੇ ਮਾਹੌਲ ਵਿੱਚ ਲੰਬੀ ਦੂਰੀ ਦੀ ਦੌੜ ਦੌੜਾਕ ਦੀ ਸਰੀਰਕ ਸਹਿਣਸ਼ੀਲਤਾ, ਸਾਹ ਲੈਣ ਦੀ ਸਮਰੱਥਾ, ਮਾਨਸਿਕ ਮਜ਼ਬੂਤੀ ਅਤੇ ਤਿਆਰੀ ਦੀ ਕਠਿਨ ਪਰਖ ਲੈਂਦੀ ਹੈ।




ਸੂਰਯਾ ਸਪਿਤੀ ਚੈਲੇਂਜ-2026 ਦੀ 42 ਕਿਲੋਮੀਟਰ ਦੀ ਦੌੜ ਸਮਾਪਤੀ ਤੇ ਸ. ਹਰਜੀਤ ਸਿੰਘ।

ਪੈ.ਗਾਮ-ਏ-ਜਗਤ

ਹਰਜੀਤ ਸਿੰਘ ਲੰਬੇ ਸਮੇਂ ਤੋਂ ਮੈਰਾਥਨ ਦੌੜ ਨਾਲ ਜੁੜੇ ਹੋਏ ਹਨ ਅਤੇ ਭਾਰਤ ਵਿੱਚ ਹੋਣ ਵਾਲੇ ਕਈ ਪ੍ਰਮੁੱਖ ਮੈਰਾਥਨ ਸਮਾਗਮਾਂ ਵਿੱਚ ਭਾਗ ਲੈਂਦੇ ਆ ਰਹੇ ਹਨ। ਲਗਾਤਾਰ ਅਭਿਆਸ, ਅਨੁਸ਼ਾਸ਼ਨ ਅਤੇ ਫਿਟਨੈੱਸ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਵੱਖ-ਵੱਖ ਲੰਬੀ ਦੂਰੀ ਦੀਆਂ ਦੌੜਾਂ ਵਿੱਚ ਹਿੱਸਾ ਲੈਣ ਅਤੇ ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕੀਤਾ ਹੈ। ਸਪਿਤੀ ਦੀ ਇਹ ਫੁੱਲ ਮੈਰਾਥਨ ਉਨ੍ਹਾਂ ਦੀ ਲੰਬੀ ਦੌੜ ਯਾਤਰਾ ਵਿੱਚ ਇੱਕ ਹੋਰ ਮਹੱਤਵਪੂਰਣ ਪ੍ਰਾਪਤੀ ਹੈ।



**ਬਹਾਦਰ ਸਿੰਘ ਗੋਸਲ**
ਮਕਾਨ ਨੰਬਰ 3098, ਸੈਕਟਰ-37ਡੀ, ਚੰਡੀਗੜ੍ਹ

ਉਨ੍ਹਾਂ ਨੇ ਆਪਣੀ ਇਸ ਦੌੜ ਨੂੰ ਕੇਵਲ ਨਿੱਜੀ ਉਪਲਬਧੀ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਖੇਡਾਂ, ਦੌੜ ਅਤੇ ਨਿਯਮਿਤ ਕਸਰਤ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਦੇ ਸਕਦੀਆਂ ਹਨ ਅਤੇ ਉਨ੍ਹਾਂ ਦਾ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਮਾਨਸਿਕ ਮਜ਼ਬੂਤੀ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਹਰਜੀਤ ਸਿੰਘ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਅਤੇ ਹੋਰ ਨਕਾਰਾਤਮਕ ਆਦਤਾਂ ਤੋਂ ਦੂਰ ਰਹਿ ਕੇ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ। ਉਨ੍ਹਾਂ ਅਨੁਸਾਰ ਸਿਹਤਮੰਦ ਸਰੀਰ ਅਤੇ ਸਕਾਰਾਤਮਕ ਸੋਚ ਇਕ ਸਿਹਤਮੰਦ ਸਮਾਜ ਦੀ ਨੀਂਹ ਹਨ ਅਤੇ ਜੇ ਨੌਜਵਾਨ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣ, ਤਾਂ ਉਹ ਆਪਣੇ ਲਈ ਅਤੇ ਸਮਾਜ ਲਈ ਇਕ ਬਿਹਤਰ ਭਵਿੱਖ ਤਿਆਰ ਕਰ ਸਕਦੇ ਹਨ।


57 ਸਾਲ ਦੀ ਉਮਰ ਵਿੱਚ ਉੱਚਾਈ ਵਾਲੇ ਸਪਿਤੀ ਖੇਤਰ ਵਿੱਚ 42.195 ਕਿਲੋਮੀਟਰ ਦੀ ਫੁੱਲ ਮੈਰਾਥਨ ਪੂਰੀ ਕਰਕੇ ਹਰਜੀਤ ਸਿੰਘ ਨੇ ਇਹ ਸੰਦੇਸ਼ ਵੀ ਦਿੱਤਾ ਕਿ ਨਿਯਮਿਤ ਅਭਿਆਸ, ਅਨੁਸ਼ਾਸਿਤ ਜੀਵਨਸ਼ੈਲੀ, ਦ੍ਰਿੜ੍ਹ ਇਰਾਦੇ ਅਤੇ ਸਹੀ ਤਿਆਰੀ ਨਾਲ ਉਮਰ ਦੀ ਪ੍ਰਵਾਹ ਕੀਤੇ ਬਿਨਾਂ ਵੱਡੀਆਂ ਸਰੀਰਕ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਇਹ ਪ੍ਰਾਪਤੀ ਦੌੜ ਪ੍ਰੇਮੀਆਂ ਦੇ ਨਾਲ-ਨਾਲ ਨੌਜਵਾਨਾਂ ਨੂੰ ਸਿਹਤਮੰਦ ਅਤੇ ਨਸ਼ਾ-ਮੁਕਤ ਜੀਵਨ ਵੱਲ ਪ੍ਰੇਰਿਤ ਕਰਨ ਵਾਲਾ ਇੱਕ ਸਕਾਰਾਤਮਕ ਸੰਤੋਸ਼ ਹੈ।

ਉੱਚ ਕੋਟੀ ਦੇ ਮੈਰਾਥਨ ਦੌੜਾਕ ਸ੍ਰ. ਹਰਜੀਤ ਸਿੰਘ ਦੇ ਅਨੇਕਾਂ ਇਨਾਮ ਜਿੱਤਣ ਦੀਆਂ ਪ੍ਰਾਪਤੀਆਂ ਵਿੱਚ ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਹਰਜੀਤ ਸਿੰਘ ਹਾਈ ਸਕੂਲ, ਬਡਹੇੜੀ ਵਿੱਚ ਮੇਰਾ ਵਿਦਿਆਰਥੀ ਰਿਹਾ ਹੈ ਅਤੇ ਉਸ ਦੇ ਮਾਤਾ ਪਿਤਾ ਦੇ ਮਿਲਾਪੜੇ ਸੁਭਾਅ ਸਦਕਾ ਮੇਰੇ ਵੀ ਪਰਿਵਾਰਿਕ ਸਬੰਧ ਰਹੇ ਹਨ। ਮੈਂ ਉਮੀਦ ਕਰਦਾ ਹਾਂ ਕਿ ਉਹ ਹੋਰ ਵੀ ਵੱਡੀਆਂ ਮੱਲਾਂ ਮਾਰੇਗਾ ਅਤੇ ਚੰਡੀਗੜ੍ਹ ਨਿਵਾਸੀਆਂ ਦਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰੇਗਾ।

# ਪੰਜਾਬ ਯੂਨੀਵਰਸਿਟੀ ਸੈਨਿਟ ਚੋਣਾਂ : ਅੰਬਾਲਾ ਕੈਂਟ ਵਿਚ 11 ਫ਼ੀਸਦ ਵੋਟਾਂ ਪਈਆਂ

**ਪੈ.ਗਾਮ-ਏ-ਜਗਤ**
**ਅੰਬਾਲਾ, 20 ਸਤੰਬਰ** (ਆਰ.ਸਿੰਘ)

ਪੰਜਾਬ ਯੂਨੀਵਰਸਿਟੀ ਸੈਨਿਟ ਦੀਆਂ ਰਜਿਸਟਰਡ ਗ੍ਰੈਜੁਏਟ ਕੰਸੀਚੂਐਂਸੀ ਚੋਣਾਂ ਸਬੰਧੀ ਐਸ.ਡੀ ਕਾਲਜ ਅੰਬਾਲਾ ਕੈਂਟ ਵਿਚ ਬਣੇ ਬੂਥ ਨੰਬਰ 34 ਤੇ ਕੁੱਲ 1489 ਵੋਟਾਂ ਵਿਚੋਂ ਕੇਵਲ 166 ਵੋਟਾਂ ਪੋਲ ਹੋਈਆਂ ਜੋ ਕੇਵਲ 11.14 ਵੋਟਾਂ ਹੀ ਪੋਲ ਹੋਈਆਂ। ਵੋਟਰਾਂ ਵਿਚ 91 ਸਾਲਾ ਸ਼ਕੁੰਤਲਾ ਨਾਂ ਦੀ ਵੋਟਰ ਵੀ ਸ਼ਾਮਲ ਸੀ ਜੋ ਵਾਕਰ ਦੇ ਸਹਾਰੇ ਵੋਟ ਪਾਉਣ ਆਈ ਸੀ। ਉਮੀਦਵਾਰ ਡਾ. ਸੁਖਦੇਵ ਸਿੰਘ ਸਿਰਸਾ ਦੀ ਚੋਣ ਦਾ ਕੰਧਮ ਦੇਖ ਰਹੇ ਪ੍ਰੋ. ਗੁਰਦੇਵ ਸਿੰਘ ਦੇਵ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਕਦੇ ਵੀ ਵੋਟਰ ਸੂਚੀ ਵਿਚ ਸੁਧਾਰ ਨਹੀਂ ਕੀਤਾ ਗਿਆ ਜਿਸ ਕਰਕੇ ਸੂਚੀ ਵਿਚ ਅਜਿਹੇ ਵੋਟਰਾਂ ਦੇ ਨਾਂ ਬਹੁਤਾਤ ਵਿਚ ਹਨ ਜੋ ਇਸ ਦੁਨੀਆ ਵਿਚ ਨਹੀਂ ਰਹੇ। ਇਕ ਹੋਰ ਉਮੀਦਵਾਰ ਜਗਵੰਤ ਸਿੰਘ ਦੀ ਚੋਣ ਦਾ ਕੰਮ ਦੇਖ ਰਹੇ ਪ੍ਰੋ. ਸਤੀਸ਼ ਚੰਦਰ ਪ੍ਰਾਸ਼ਰ ਨੇ ਦੱਸਿਆ ਕਿ ਉਸ ਦੇ ਦਾਦਾ ਜੀ ਪੰਡਤ ਰਾਮ ਚੰਦ ਸ਼ਰਮਾ 1885 ਵਿਚ ਪੈਦਾ ਹੋਏ ਸਨ ਅਤੇ ਉਨ੍ਹਾਂ ਦਾ ਨਾਂ ਅਜੇ ਵੀ ਸੂਚੀ ਵਿਚ ਦਰਜ ਹੈ। ਹੋਰ ਵੀ ਕਈ ਵੋਟਰਾਂ ਦਾ ਕਹਿਣਾ ਸੀ ਕਿ ਯੂਨੀਵਰਸਿਟੀ ਨੂੰ ਸੂਚੀ ਦੀ ਸੁਧਾਈ ਕਰਨੀ ਚਾਹੀਦੀ ਹੈ।



ਉੱਧਰ ਸ਼ਹਿਰ ਦੇ ਐਸ.ਏ.ਜੈਨ ਸੀ.ਸੈ.ਸਕੂਲ ਵਿਚ ਬਣੇ ਬੂਥ ਤੇ ਡਾ. ਸੁਖਦੇਵ ਸਿੰਘ ਸਿਰਸਾ ਦੀ ਚੋਣ ਦਾ ਕੰਮ ਦੇਖ ਰਹੇ ਜਨਵਾਦੀ ਲੇਖਕ ਸੰਘ ਦੇ ਸੂਬਾ ਪ੍ਰਧਾਨ ਅਤੇ ਪ੍ਰਸਿੱਧ ਲੇਖਕ ਗੁਰਨਾਮ ਬਾਵਾ ਨੇ ਦੱਸਿਆ ਕਿ ਉਨ੍ਹਾਂ ਦੇ ਬੂਥ ਤੇ ਕੇਵਲ 137 ਵੋਟਾਂ ਪੋਲ ਹੋਈਆਂ ਹਨ।

# ਖ਼ੂਨੀ ਮਾਜਰਾ ਵਿੱਚ ਬਣੇਗਾ ਆਧੁਨਿਕ ਸਪੋਰਟਸ ਕੰਪਲੈਕਸ, 1.25 ਕਰੋੜ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ : ਪਰਮਿੰਦਰ ਸਿੰਘ ਗੋਲਡੀ

**ਖਰੜ, 21 ਸਤੰਬਰ** (ਪੈ.ਗਾਮ-ਏ-ਜਗਤ)

ਚੇਅਰਮੈਨ, ਯੂਥ ਡਿਵੈਲਪਮੈਂਟ ਬੋਰਡ ਪੰਜਾਬ ਪਰਮਿੰਦਰ ਸਿੰਘ ਗੋਲਡੀ ਵੱਲੋਂ ਖਰੜ ਹਲਕੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ। ਇਨ੍ਹਾਂ ਵਿਕਾਸ ਕਾਰਜਾਂ ’ਤੇ ਕੁੱਲ ਲਗਭਗ 1.25 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਤਹਿਤ ਖਰੜ ਦੇ ਵਾਰਡ ਨੰਬਰ 14 ਵਿੱਚ ਗੁੱਗਾਮਾੜੀ ਰੋਡ ’ਤੇ ਪੇਵਰ ਟਾਈਲਾਂ ਦੀ ਰੀਲੇਇੰਗ ਲਈ 15.16 ਲੱਖ ਰੁਪਏ, ਜਦਕਿ ਵਾਰਡ ਨੰਬਰ 24 ਵਿੱਚ ਸੋਢੀ ਸਵੀਟਸ ਵੱਲ ਜਾਂਦੀ ਗਲੀ ਅਤੇ ਮਾਇਆ ਦੇਵੀ, ਸਵਰਨਜੀਤ ਕੌਰ, ਭੁਪਿੰਦਰ ਸਿੰਘ ਤੇ ਕੁਮਾਰ ਆਸੀ ਦੇ ਘਰਾਂ ਨੇੜੇ ਗਲੀ ਵਿੱਚ ਇੰਟਰਲਾਕਿੰਗ ਪੇਵਰ ਟਾਈਲਾਂ ਅਤੇ ਸਟਾਰਮ ਪਾਈਪ ਦੀ ਰੀਲੇਇੰਗ ਲਈ ਕੁੱਲ 33 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਵਾਰਡ ਨੰਬਰ 18 ਦੇ ਪਿੰਡ ਖ਼ੂਨੀ ਮਾਜਰਾ ਵਿਖੇ ਸਪੋਰਟਸ ਕੰਪਲੈਕਸ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਵੀ ਕੀਤੀ ਗਈ। ਇਸ ਪ੍ਰਾਜੈਕਟ ’ਤੇ ਲਗਭਗ 77 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਲਈ ਬਿਹਤਰ ਖੇਡ ਸਹੂਲਤਾਂ ਯਕੀਨੀ ਬਣਾਉਣ ਲਈ ਮਾਨ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਖਰੜ ਦੇ ਪਿੰਡ ਖ਼ੂਨੀ ਮਾਜਰਾ ਵਿਖੇ ਬਣਨ ਵਾਲੇ ਸਪੋਰਟਸ ਕੰਪਲੈਕਸ ਵਿੱਚ ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਲਈ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਵਿੱਚ ਖੇਡ ਮੈਦਾਨ, ਓਪਨ ਜਿਮ, ਬਾਸਕਟਬਾਲ ਗਰਾਊਂਡ, ਰਨਿੰਗ ਅਤੇ ਜੌਗਿੰਗ ਟਰੈਕ, ਵੱਖ-ਵੱਖ ਕਿਸਮ ਦੇ ਓਪਨ ਸਿਟਿੰਗ ਏਰੀਆ, ਵੱਖਰੀ ਪਾਰਕਿੰਗ ਅਤੇ ਪਬਲਿਕ ਟਾਇਲਟ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਉਪਲਬਧ ਹੋਣਗੀਆਂ। ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ ਅਤੇ ਖ਼ੂਨੀ ਮਾਜਰਾ ਵਿਖੇ ਬਣਨ ਵਾਲਾ ਆਧੁਨਿਕ ਸਪੋਰਟਸ ਕੰਪਲੈਕਸ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵਿੱਚ ਸਹਾਇਕ ਸਾਬਤ ਹੋਵੇਗਾ।

## .ਗਜ਼ਲ



ਭਾਰਤ ਦੀ ਪਹਿਚਾਣ ਬਣਾਉਂਦੀ ਹੈ ਸਾੜ੍ਹੀ,
ਨਾਰੀ ਨੂੰ ਧਨਵਾਨ ਬਣਾਉਂਦੀ ਹੈ ਸਾੜ੍ਹੀ।
ਰਾਧਾ ਕ੍ਰਿਸ਼ਨ ਸਰੂਪ ਸੁਸ਼ੋਭਿਤ ਮੰਦਿਰ ਵਿਚ,
ਦਰਸ਼ਨ ਨੂੰ ਭਗਵਾਨ ਬਣਾਉਂਦੀ ਹੈ ਸਾੜ੍ਹੀ।
ਕ੍ਰਿਸ਼ਨ ਕਰੇ ਰੱਖਿਆ ਲਾਚਾਰ ਦਰੋਪਦੀ ਦੀ,
ਜੀਵਨ ਨੂੰ ਕੁਰਬਾਨ ਬਣਾਉਂਦੀ ਹੈ ਸਾੜ੍ਹੀ।
ਅਹੱਲਿਆ ਦੇ ਜੀਵਨ ਦੀ ਅਜ਼ਬ ਕਹਾਣੀ ਹੈ,
ਚਰਿਤਰ ਦਾ ਨਿਰਮਾਣ ਬਣਾਉਂਦੀ ਹੈ ਸਾੜ੍ਹੀ।
ਦੈਹਿਕਤਾ ਦਾ ਰੂਪ ਵਿਕੇ ਜਦ ਭੂਮੀਗਤ,
ਕਦਰਾਂ ਨੂੰ ਸ਼ੈਤਾਨ ਬਣਾਉਂਦੀ ਹੈ ਸਾੜ੍ਹੀ।
ਸੁੰਦਰਤਾ ਜਦ ਚੰਚਲਤਾ ਵਿਚ ਢਲ ਜਾਵੇ,
ਮੁਰਦੇ ਵਿਚ ਵੀ ਜਾਨ ਬਣਾਉਂਦੀ ਹੈ ਸਾੜ੍ਹੀ।
ਅਭਿਵਾਦਨ ਦੀ ਮੁਦਰਾ ਵਿਚ ਅਭਿਨੰਦਨ ਹੈ,
ਮਹਫ਼ਿਲ ਨੂੰ ਮੇਹਮਾਨ ਬਣਾਉਂਦੀ ਹੈ ਸਾੜ੍ਹੀ।
ਜੰਨਤ ਦੀ ਪਰਿਭਾਸ਼ਾ ਇਸ ਨੂੰ ਕਹਿੰਦੇ ਹਨ,
ਕਿਰਪਾ ਨੂੰ ਪਰਵਾਨ ਬਣਾਉਂਦੀ ਹੈ ਸਾੜ੍ਹੀ।
ਭਸਮਾਸੁਰ ਜਦ ਕਾਮ ਕਰੋਧ ਹੰਕਾਰ ਕਰੇ,
ਸ਼ਿਵ ਸੁੰਦਰ ਵਰਦਾਨ ਬਣਾਉਂਦੀ ਹੈ ਸਾੜ੍ਹੀ।
ਦਕਸ਼ ਪ੍ਰਜਾਪਤੀ ਯਗ ਚੋਂ ਸ਼ਿਵ ਨੂੰ ਦੂਰ ਕਰੇ,
ਅਗਨੀ ਨੂੰ ਅਹਿਸਾਨ ਬਣਾਉਂਦੀ ਹੈ ਸਾੜ੍ਹੀ।
ਅੰਗਾਂ ਦੀ ਸੁੰਦਰ ਪਰਿਭਾਸ਼ਾ ਵਿਚ ਜੋਤ ਜਗੇ,
ਕੁਦਰਤ ਦੇ ਵਿਚ ਦਾਨ ਬਣਾਉਂਦੀ ਹੈ ਸਾੜ੍ਹੀ।
‘ਬਾਲਮ’ ਸ਼ਿਸ਼ਟਾਚਾਰ ’ਚ ਚੰਨ ਸਿਤਾਰੇ ਨੇ,
ਨਾਰੀਸ਼ਵਰ ’ਚ ਸ਼ਾਨ ਬਣਾਉਂਦੀ ਹੈ ਸਾੜ੍ਹੀ।

**ਬਲਵਿੰਦਰ ਬਾਲਮ ਗੁਰਦਾਸਪੁਰ,**
**ਓਅੰਕਾਰ ਨਗਰ ਗੁਰਦਾਸਪੁਰ ਪੰਜਾਬ, ਐਡਮਿੰਟਨ ਕਨੇਡਾ।**

# ਹਰਿਆਣਾ ਦੇ ਸਿੱਖਾਂ ਨੂੰ ਮੰਡੇਬਰ ਦੀ ਅਗਵਾਈ ਵਿੱਚ ਮਿਲੀ ਨਵੀਂ ਉਮੀਦ : ਤਾਲਬਪੁਰਾ

**ਪੈ.ਗਾਮ-ਏ-ਜਗਤ/ਅੰਬਾਲਾ**
**20 ਸਤੰਬਰ** (ਆਰ.ਸਿੰਘ)

ਪੰਜਾਬ ਦੇ ਹਲਕਾ ਅਜਨਾਲਾ ਤੋਂ ਸੁਰਿੰਦਰਪਾਲ ਸਿੰਘ ਤਾਲਬਪੁਰਾ ਆਪਣੇ ਸਾਥੀਆਂ ਰਜਵੰਤ ਸਿੰਘ ਮਹਿਲਾਵਾਲਾ ਤੇ ਯੂਥ ਆਗੂ ਮਨਜੋਤ ਸਿੰਘ ਪੁਰੇਵਾਲ ਸਮੇਤ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਵਿਸ਼ੇਸ਼ ਤੌਰ ’ਤੇ ਪਹੁੰਚੇ ਅਤੇ ਅਕਾਲੀ ਦਲ ÷ਵਾਰਿਸ ਪੰਜਾਬ ਦੇ÷ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਸੁਖਵਿੰਦਰ ਸਿੰਘ ਮੰਡੇਬਰ ਸਮੇਤ ਸਮੁੱਚੀ ਟੀਮ ਨਾਲ ਮੁਲਾਕਾਤ ਕੀਤੀ।



ਇਸ ਮੌਕੇ ਤਾਲਬਪੁਰਾ ਨੇ ਕਿਹਾ ਕਿ ਸੁਖਵਿੰਦਰ ਸਿੰਘ ਮੰਡੇਬਰ ਵਰਗੇ ਜੁਝਾਰੂ ਆਗੂ ਦੀ ਅਗਵਾਈ ਨਾਲ ਹਰਿਆਣਾ ਦੇ ਸਿੱਖਾਂ ਨੂੰ ਇੱਕ ਨਵੀਂ ਦਿਸ਼ਾ ਅਤੇ ਮਜ਼ਬੂਤ ਅਗਵਾਈ ਮਿਲੀ ਹੈ। ਉਨ੍ਹਾਂ ਕਿਹਾ ਕਿ ਜੋ ਸਿੱਖ ਆਪਣੇ ਆਪ ਨੂੰ ਆਗੂ-ਵਿਹੂਣੇ ਮਹਿਸੂਸ ਕਰ ਰਹੇ ਸਨ, ਉਨ੍ਹਾਂ ਵਿੱਚ ਹੁਣ ਨਵਾਂ ਉਤਸ਼ਾਹ ਪੈਦਾ ਹੋਇਆ ਹੈ। ਇਸ ਮੌਕੇ ਸੁਰਿੰਦਰਪਾਲ ਸਿੰਘ ਤਾਲਬਪੁਰਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੁਖਵਿੰਦਰ ਸਿੰਘ ਮੰਡੇਬਰ, ਗੁਰਬੀਰ ਸਿੰਘ ਤਲਾਕੌਰ, ਸੁਖਵਿੰਦਰ ਸਿੰਘ ਬਿੱਟਾ ਅੰਬਾਲਾ, ਜਗਦੀਪ ਸਿੰਘ ਅਤੇ ਨੌਜਵਾਨ ਆਗੂ ਹਰਸ਼ਪਾਲ ਸਿੰਘ ਸਿੰਘਾਪੁਰ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਸੁਖਵਿੰਦਰ ਸਿੰਘ ਮੰਡੇਬਰ ਨੇ ਤਾਲਬਪੁਰਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਅਤੇ ਪਿਆਰ ਟੀਮ ਦੀ ਜ਼ਿੰਮੇਵਾਰੀ ਨੂੰ ਹੋਰ ਵਧਾਉਂਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਸਿੱਖਾਂ ਦੀਆਂ ਭਾਵਨਾਵਾਂ ਅਤੇ ਹੱਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਉਣ ਲਈ ਟੀਮ ਪੂਰੀ ਤਨਦੇਹੀ ਨਾਲ ਕੰਮ ਕਰੇਗੀ।

ਜ਼ਿਕਰਯੋਗ ਹੈ ਕਿ ਪੰਜਾਬ ਦੀ ਸਿਆਸੀ ਪਾਰਟੀ ÷ਵਾਰਿਸ ਪੰਜਾਬ ਦੇ÷ ਜੋ ਪੰਜਾਬ ਤੱਕ ਸੀਮਤ ਸੀ, ਨੇ ਹਰਿਆਣਾ ਵਿਚ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਇਸ ਪਾਰਟੀ ਦੇ ਨੇਤਾ ਤਰਸੇਮ ਸਿੰਘ ਨੇ ਦੋ ਦਿਨ ਪਹਿਲਾਂ ਨਾਢਾ ਸਾਹਿਬ ਵਿਚ ਆਪਣੀ ਪਾਰਟੀ ਦੀ ਹਰਿਆਣਾ ਇਕਾਈ ਦਾ ਗਠਨ ਕਰ ਦਿੱਤਾ ਹੈ।

# ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਇਕਜੁੱਟ ਹੋਵੇ ਵਪਾਰੀ ਵਰਗ : ਨਰੇਸ਼ ਗਰਗ ਪ੍ਰਧਾਨ ਭਾਰਤੀਯ ਵਪਾਰ ਮੰਡਲ ਬਠਿੰਡਾ

**ਬਠਿੰਡਾ, 21 ਸਤੰਬਰ** (ਪੈ.ਗਾਮ-ਏ-ਜਗਤ)

ਭਾਰਤੀਯ ਵਪਾਰ ਮੰਡਲ ਬਠਿੰਡਾ ਇਕਾਈ ਦੀ ਇੱਕ ਅਹਿਮ ਮੀਟਿੰਗ ਸਥਾਨਕ ਹੋਟਲ ਵੀਆਰਸੀ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਭਾਰਤੀਯ ਵਪਾਰ ਮੰਡਲ ਬਠਿੰਡਾ

- **ਮੀਟਿੰਗ ’ਚ ਵਪਾਰੀਆਂ ਦੇ ਹਿੱਤਾਂ ਲਈ ਅਹਿਮ ਫੈਸਲੇ-ਨਵੀਂ ਟੀਮ ਦਾ ਵੀ ਐਲਾਨ**



ਦੇ ਪ੍ਰਧਾਨ ਨਰੇਸ਼ ਗਰਗ ਵੱਲੋਂ ਕੀਤੀ ਗਈ। ਇਸ ਮੌਕੇ ਭਾਰਤੀਯ ਵਪਾਰ ਮੰਡਲ ਪੰਜਾਬ ਦੇ ਜਨਰਲ ਸਕੱਤਰ ਦੀਪਕ ਨੰਨਚਾਹਲ ਅਤੇ ਪੰਜਾਬ ਇਸਤਰੀ ਵਿੰਗ ਦੀ ਪ੍ਰਧਾਨ ਸ਼?ਰੀਮਤੀ ਮਮਤਾ ਜੈਨ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਮੀਟਿੰਗ ਵਿੱਚ ਬਠਿੰਡਾ ਸ਼ਹਿਰ ਦੇ ਵੱਡੀ ਗਿਣਤੀ ਵਿੱਚ ਵਪਾਰੀਆਂ ਨੇ ਸ਼ਮੂਲੀਅਤ ਕਰਕੇ ਵਪਾਰ ਜਗਤ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ’ਤੇ ਵਿਚਾਰ-ਵਟਾਂਦਰਾ ਕੀਤਾ।

ਵਪਾਰੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਨਰੇਸ਼ ਗਰਗ ਨੇ ਕਿਹਾ ਕਿ ਭਾਰਤੀਯ ਵਪਾਰ ਮੰਡਲ ਦਾ ਮੁੱਖ ਉਦੇਸ਼ ਵਪਾਰੀ ਵਰਗ ਨੂੰ ਇੱਕ ਮੰਚ ’ਤੇ ਇਕੱਠਾ ਕਰਨਾ ਅਤੇ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਪ੍ਰਭਾਵਸ਼ਾਲੀ ਢੰਗ ਨਾਲ ਆਵਾਜ਼ ਉਠਾਉਣਾ ਹੈ। ਉਨ੍ਹਾਂ ਕਿਹਾ ਕਿ ਮੰਡਲ ਕਿਸੇ ਵਿਸ਼ੇਸ਼ ਰਾਜਨੀਤਿਕ ਪਾਰਟੀ ਦਾ ਸਮਰਥਨ ਨਹੀਂ ਕਰਦਾ, ਸਗੋਂ ਸਮੂਹ ਵਪਾਰੀ ਵਰਗ ਦੇ ਹਿੱਤਾਂ ਲਈ ਕੰਮ ਕਰਨ ਵਾਲਾ ਸੰਗਠਨ ਹੈ।

ਉਨ੍ਹਾਂ ਕਿਹਾ ਕਿ ਬਠਿੰਡਾ ਵਿੱਚ ਭਾਰਤੀਯ ਵਪਾਰ ਮੰਡਲ ਨੂੰ ਹੋਰ ਮਜ਼ਬੂਤ ਕਰਕੇ ਵੱਧ ਤੋਂ ਵੱਧ ਵਪਾਰੀਆਂ ਨੂੰ ਇਸ ਨਾਲ ਜੋੜਿਆ ਜਾਵੇਗਾ। ਵਪਾਰੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਇਕੱਠੇ ਹੋ ਕੇ ਉਚਿਤ ਮੰਚਾਂ ’ਤੇ ਉਠਾਇਆ ਜਾਵੇਗਾ ਅਤੇ ਉਨ੍ਹਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਨਾਲ ਲਗਾਤਾਰ ਸੰਪਰਕ ਕੀਤਾ ਜਾਵੇਗਾ।

ਭਾਰਤੀਯ ਵਪਾਰ ਮੰਡਲ ਪੰਜਾਬ ਦੇ ਜਨਰਲ ਸਕੱਤਰ ਦੀਪਕ ਨੰਨਚਾਹਲ ਨੇ ਕਿਹਾ ਕਿ ਮੰਡਲ ਵੱਲੋਂ ਦਿੱਲੀ ਵਿਖੇ ਹਰ ਸੋਮਵਾਰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ੂਮ ਮੀਟਿੰਗ ਕੀਤੀ ਜਾਂਦੀ ਹੈ। ਪੰਜਾਬ ਇਸਤਰੀ ਵਿੰਗ ਦੀ ਪ੍ਰਧਾਨ ਸ਼੍ਰੀਮਤੀ ਮਮਤਾ ਜੈਨ ਨੇ ਕਿਹਾ ਕਿ ਬਠਿੰਡਾ ਜ਼ਿਲ੍ਹੇ ਦੀਆਂ ਕੰਮਕਾਜੀ ਅਤੇ ਕਾਰੋਬਾਰੀ ਮਹਿਲਾਵਾਂ ਨੂੰ ਵੀ ਭਾਰਤੀਯ ਵਪਾਰ ਮੰਡਲ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਿਊਟੀਕ, ਸੈਲੂਨ ਅਤੇ ਹੋਰ ਛੋਟੇ ਕਾਰੋਬਾਰਾਂ ਨਾਲ ਜੁੜੀਆਂ ਮਹਿਲਾਵਾਂ ਨੂੰ ਕਈ ਤਰ੍ਹਾਂ ਦੀਆਂ ਵਿਹਾਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਨੂੰ ਸੰਗਠਿਤ ਰੂਪ ਵਿੱਚ ਸਬੰਧਤ ਵਿਭਾਗਾਂ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਉਪ ਪ੍ਰਧਾਨ ਭਾਰਤ ਭੂਸ਼ਣ ਅਤੇ ਬਠਿੰਡਾ ਸੰਗਠਨ ਦੇ ਮੈਨੇਜਰ ਲਖਵਿੰਦਰ ਸਿੰਘ ਨੇ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਭ ਤੋਂ ਪਹਿਲਾ ਕਦਮ ਵਪਾਰੀਆਂ ਦਾ ਇਕੱਠੇ ਹੋਣਾ ਅਤੇ ਇੱਕ ਮਜ਼ਬੂਤ ਸੰਗਠਨ ਦਾ ਹਿੱਸਾ ਬਣਨਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਾਰਤੀਯ ਵਪਾਰ ਮੰਡਲ ਬਠਿੰਡਾ ਦੀਆਂ ਮੀਟਿੰਗਾਂ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ ’ਤੇ ਸੱਦਾ ਦਿੱਤਾ ਜਾਵੇਗਾ, ਤਾਂ ਜੋ ਵਪਾਰੀਆਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਯੋਜਨਾਵਾਂ ਬਾਰੇ ਸਿੱਧੀ ਜਾਣਕਾਰੀ ਮਿਲ ਸਕੇ।

# ਸਵ. ਵਿਕਾਸ ਮਾਨ ਦੇ ਜਨਮ ਦਿਵਸ ’ਤੇ ਮਾਨਵਤਾ ਦੀ ਸੇਵਾ ਦਾ ਸੰਕਲਪ, ਖ਼ੂਨਦਾਨ ਕੈਂਪ ਵਿੱਚ 191 ਯੂਨਿਟ ਖ਼ੂਨ ਇਕੱਠਾ

**ਪੈ.ਗਾਮ-ਏ-ਜਗਤ**
**ਹਾਂਸੀ** (ਦਿਨਕਰ ਗਾਵੜੀ)

ਸਵ. ਵਿਕਾਸ ਮਾਨ ਦੇ ਜਨਮ ਦਿਵਸ ਦੇ ਮੌਕੇ ’ਤੇ ਵਿਕਾਸ ਮਾਨ ਮੈਮੋਰੀਅਲ ਟਰੱਸਟ ਵੱਲੋਂ ਸਥਾਨਕ ਜੀਂਦ ਚੌਂਕ ਸਥਿਤ ਸੁਭਾਸ਼ ਡਰਾਮੈਟਿਕ ਕਲੱਬ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਕੁੱਲ 191 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਖ਼ੂਨਦਾਨੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਮਾਨਵ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਜਤਾਈ। ਇਸ ਮੌਕੇ ਹਾਜ਼ਰ ਪਤਵੰਤਿਆਂ ਨੇ ਖ਼ੂਨਦਾਨੀਆਂ ਦਾ ਹੌਸਲਾ ਵਧਾਉਂਦਿਆਂ ਸਮਾਜਿਕ ਸੇਵਾ ਦੇ ਅਜਿਹੇ ਆਯੋਜਨਾਂ ਨੂੰ ਮਹੱਤਵਪੂਰਨ ਦੱਸਿਆ।

ਖ਼ੂਨਦਾਨ ਕੈਂਪ ਵਿੱਚ ਮਹਾਰਾਜਾ ਅਗਰਸੈਨ ਮੈਡੀਕਲ ਕਾਲਜ, ਅਗਰੋਹਾ ਦੀ ਟੀਮ ਨੇ ਡਾ. ਰਿਚਾ ਨੈਣ, ਹਾਂਸੀ ਬਲੱਡ ਸੈਂਟਰ ਦੀ ਟੀਮ ਨੇ ਡਾ. ਆਰ. ਐਲ. ਸੈਣੀ ਅਤੇ ਮੰਗਲਮ ਬਲੱਡ ਬੈਂਕ ਦੀ ਟੀਮ ਨੇ ਡਾ. ਰੀਨਾ ਦੀ ਅਗਵਾਈ ਵਿੱਚ ਸਾਂਝੇ ਤੌਰ ’ਤੇ ਖ਼ੂਨ ਇਕੱਠਾ ਕਰਨ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਪ੍ਰੋਗਰਾਮ ਕੋਆਰਡੀਨੇਟਰ ਧਰਮਵੀਰ ਰਤੇਰੀਆ ਐਡਵੋਕੇਟ ਨੇ ਖ਼ੂਨਦਾਨੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਮਾਨਵਤਾ ਦੀ ਸੇਵਾ ਦਾ ਮਹੱਤਵਪੂਰਨ ਮਾਧਿਅਮ ਹੈ। ਖ਼ੂਨ ਦੀ ਲੋੜ ਕਿਸੇ ਵੀ ਵਿਅਕਤੀ ਨੂੰ ਕਦੇ ਵੀ ਪੈ ਸਕਦੀ ਹੈ। ਅਜਿਹੇ ਵਿੱਚ ਖ਼ੂਨਦਾਨੀ ਲੋੜਵੰਦ ਮਰੀਜ਼ਾਂ ਲਈ ਮਦਦਗਾਰ ਸਾਬਤ ਹੁੰਦੇ ਹਨ। ਵਿਕਾਸ ਮਾਨ ਮੈਮੋਰੀਅਲ ਟਰੱਸਟ ਦੀ ਉਪ ਪ੍ਰਧਾਨ ਡਾ. ਸਾਕਸ਼ੀ ਮਾਨ ਨੇ ਕਿਹਾ ਕਿ ਖ਼ੂਨਦਾਨ ਮਾਨਵਤਾ ਦੀ ਸੇਵਾ ਦਾ ਸਭ ਤੋਂ ਪਵਿੱਤਰ ਕੰਮ ਹੈ। ਉਨ੍ਹਾਂ ਕਿਹਾ ਕਿ ਸਵ. ਵਿਕਾਸ ਮਾਨ ਦੇ ਜਨਮ ਦਿਵਸ ’ਤੇ ਆਯੋਜਿਤ ਖ਼ੂਨਦਾਨ ਕੈਂਪ ਸਮਾਜ ਸੇਵਾ ਪ੍ਰਤੀ ਟਰੱਸਟ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਸ.ਫ਼ਾ 1 ਦਾ ਬਾਕੀ...

**ਕਿਹਾ-ਜੇ ਵਿਰੋਧੀ...**

ਰਵਾਇਤੀ ਪਾਰਟੀਆਂ ਦਾ ਹਾਲ ਅੱਜ ਸਭ ਦੇ ਸਾਹਮਣੇ ਹੈ। ਸਾਡੀ ਸਰਕਾਰ ਦਾ ਇੱਕੋ-ਇੱਕ ਉਦੇਸ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਦੇਣਾ ਅਤੇ ਇੱਕ ਵਾਰ ਫਿਰ ‘ਰੰਗਲਾ ਪੰਜਾਬ‘ ਸਿਰਜਣਾ ਹੈ। ਇਨਕਲਾਬ ਜ਼ਿੰਦਾਬਾਦ।” ਲੋਕ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “15 ਸਤੰਬਰ ਨੂੰ ਛੇ ਰਾਜਾਂਹਿਮਾਚਲ ਪ੍ਰਦੇਸ, ਉੱਤਰਾਖੰਡ, ਉੱਤਰ ਪ੍ਰਦੇਸ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੇ ਕਿਸਾਉ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਇੱਕ ਸਮਝੌਤੇ ‘ਤੇ ਦਸਤਖਤ ਕੀਤੇ, ਪਰ ਪੰਜਾਬ ਨੂੰ ਇਸ ਵਿੱਚ ਸਾਮਲ ਨਹੀਂ ਕੀਤਾ ਗਿਆ। ਦਿੱਲੀ, ਹਿਮਾਚਲ ਪ੍ਰਦੇਸ, ਹਰਿਆਣਾ, ਰਾਜਸਥਾਨ ਅਤੇ ਹੋਰ ਰਾਜਾਂ ਵਿਚਕਾਰ ਸਮਝੌਤੇ ਹੋ ਰਹੇ ਹਨ, ਪਰ ਪੰਜਾਬ ਨੂੰ ਸੱਦਾ ਤੱਕ ਨਹੀਂ ਦਿੱਤਾ ਜਾਂਦਾ। ਜਦੋਂ ਸਵਾਲ ਇਸ ਖੇਤਰ ਦੇ ਪਾਣੀ ਦੇ ਸਰੋਤਾਂ ਦਾ ਹੈ ਤਾਂ ਪੰਜਾਬ ਨਾਲ ਬੇਗਾਨਿਆਂ ਵਾਂਗ ਸਲੂਕ ਕਿਉਂ ਕੀਤਾ ਜਾ ਰਿਹਾ ਹੈ?”

ਮੁੱਖ ਮੰਤਰੀ ਨੇ ਕਿਹਾ, “ਭਾਜਪਾ ਪੰਜਾਬ ਨੂੰ ਚਰਚਾ ਤੋਂ ਬਾਹਰ ਰੱਖ ਕੇ ਪਾਣੀਆਂ ਦੀ ਵੰਡ ਦਾ ਫੈਸਲਾ ਕਰਨਾ ਚਾਹੁੰਦੀ ਹੈ। ਪੰਜਾਬ ਦੇ ਲੋਕ ਇਸ ਮਤਰੇਏ ਵਿਵਹਾਰ ਨੂੰ ਬਰਦਾਸਤ ਨਹੀਂ ਕਰਨਗੇ। ਪੰਜਾਬ ਨੇ ਦੇਸ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸਾਡੇ ਕਿਸਾਨਾਂ ਨੇ ਦੇਸ ਦਾ ਢਿੱਡ ਭਰਿਆ ਹੈ, ਸਾਡੇ ਜਵਾਨਾਂ ਨੇ ਸਰਹੱਦਾਂ ਦੀ ਰਾਖੀ ਕੀਤੀ ਹੈ ਅਤੇ ਸਾਡੇ ਲੋਕਾਂ ਨੇ ਭਾਰਤ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਹੈ। ਜਦੋਂ ਪੰਜਾਬ ਦੇ ਹਿੱਤਾਂ ਨਾਲ ਜੁੜੇ ਫੈਸਲੇ ਉਸ ਤੋਂ ਬਿਨਾਂ ਲਏ ਜਾ ਰਹੇ ਹੋਣ ਤਾਂ ਪੰਜਾਬ ਤੋਂ ਚੁੱਪ ਰਹਿਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ।”

**ਭਾਜਪਾ ਸਰਕਾਰ ਆਉਣ...**

ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੇਂਦਰ ਅਤੇ ਸੂਬੇ ਵਿਚਾਲੇ ਇੱਕ ਸਮੂਹਿਕ ਯੋਜਨਾ ਦੀ ਲੋੜ ’ਤੇ ਜ਼ੋਰ ਦਿੰਦਿਆਂ ਨੌਜਵਾਨਾਂ ਦੇ ਮੁੜ-ਵਸੇਬੇ, ਫ਼ਸਲੀ ਵਿਭਿੰਨਤਾ ਅਤੇ ਜਬਰੀ ਉਗਰਾਹੀ ਵਾਲੇ ਨੈੱਟਵਰਕਾਂ ਖ਼?ਲਾਫ਼ ਤੁਰੰਤ ਕਾਰਵਾਈ ਦੀ ਮੰਗ ਕੀਤੀ। ਸਮਾਗਮ ਵਿੱਚ ਸਤੀਸ਼ ਪੂਨੀਆ, ਤਰੁਣ ਚੁੱਘ, ਰਾਜਿੰਦਰ ਗੁਪਤਾ, ਰਾਣਾ ਗੁਰਮੀਤ ਸਿੰਘ ਸੋਢੀ, ਐੱਚ. ਐੱਸ. ਫੂਲਕਾ ਅਤੇ ਹੋਰ ਆਗੂ ਵੀ ਮੌਜੂਦ ਸਨ।

**ਭਾਰਤ ਨੇ ਏਸ਼ੀਆਈ...**

ਦਾ ਤਗਮਾ ਜਿੱਤਿਆ। ਇਹ ਇਸ ਖੇਡ ਵਿੱਚ ਭਾਰਤ ਲਈ ਏਸ਼ੀਆਈ ਖੇਡਾਂ ਦਾ ਪਹਿਲਾ ਤਗਮਾ ਵੀ ਹੈ। ਭਾਰਤ ਨੇ ਮਹਿਲਾ ਹਾਕੀ ਅਤੇ ਕਬੱਡੀ ਵਿੱਚ ਵੀ ਜਿੱਤਾਂ ਦਰਜ ਕੀਤੀਆਂ। ਟੇਬਲ ਟੈਨਿਸ ਵਿੱਚ, ਦੋਵਾਂ ਭਾਰਤੀ ਟੀਮਾਂ ਨੇ ਪਾਕਿਸਤਾਨ ਨੂੰ ਹਰਾਇਆ; ਖਾਸ ਗੱਲ ਇਹ ਹੈ ਕਿ ਪਾਕਿਸਤਾਨੀ ਖਿਡਾਰੀ ਇੱਕ ਵੀ ਗੇਮ ਨਹੀਂ ਜਿੱਤ ਸਕੇ।

**ਮਿਡ-ਡੇ-ਮੀਲ...**

ਸਰਗਰਮੀ ਨਾਲ ਨਿਗਰਾਨੀ ਕਰਨ ਅਤੇ ਉਨ ਾਂ ਦਾ ਤੁਰੰਤ ਹੱਲ ਕੱਢਣ। ਮੀਟਿੰਗ ਦੀ ਕਾਰਵਾਈ ਦੌਰਾਨ ਵੱਖ-ਵੱਖ ਨੁਮਾਇੰਦਿਆਂ ਨੇ ਕਮੇਟੀ ਅੱਗੇ ਆਪੋ-ਆਪਣੀਆਂ ਮੰਗਾਂ ਅਤੇ ਸ਼ਿਕਾਇਤਾਂ ਰੱਖੀਆਂ। ਵਫ਼ਦਾਂ ਵਿੱਚ ਮਿਡ-ਡੇ-ਮੀਲ ਕੁੱਕ ਯੂਨੀਅਨ (ਬੀ.ਐਮ.ਐਸ.) ਵੱਲੋਂ ਕਰਮ ਚੰਦ ਚਿੰਡਾਲੀਆ, ਕਮਲਜੀਤ ਕੌਰ, ਪਰਮਜੀਤ ਕੌਰ ਅਤੇ ਮੁਮਤਾਜ਼ ਘੁੰਗਰਾਣਾ, ਇਸੇ ਤਰ ਾਂ ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਜਸਮੇਲ ਕੌਰ ਬੀੜਕਲਾਂ, ਕੁਲਵਿੰਦਰ ਕੌਰ ਆਦਮਪੁਰ, ਦੇਵਰਾਜ ਵਰਮਾ, ਮੱਖਣ ਸਿੰਘ ਜਖੇਪਲ ਅਤੇ ਹਰਪਾਲ ਕੌਰ ਸ਼ਾਮਲ ਸਨ। ਡੈਮੋਕ੍ਰੇਟਿਕ ਮਿਡ-ਡੇ-ਮੀਲ ਕੁੱਕ ਫਰੰਟ ਦੀ ਨੁਮਾਇੰਦਗੀ ਹਰਜਿੰਦਰ ਕੌਰ ਲੋਪੇ, ਜੰਗਬਹਾਦਰ ਕੌਰ ਅਤੇ ਸਿਮਰਜੀਤ ਕੌਰ ਨੇ ਕੀਤੀ।

**ਲਦਾਖ ਦੀਆਂ ਮੰਗਾਂ...**

ਅੰਦੋਲਨ ਤੋਂ ਠੀਕ ਪਹਿਲਾਂ, ਲਦਾਖ ਦੇ ਇੱਕ ਵਫ਼ਦ ਨੇ ਆਪਣੀਆਂ ਮੰਗਾਂ ਪੇਸ਼ ਕਰਨ ਲਈ ਦਿੱਲੀ ਵਿੱਚ ਕੇਂਦਰੀ ਗ੍ਰਿਹਿ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ।

**ਪੈਟਰੋਲ 1000 ਰੁਪਏ...**

ਉਸ ਦਿਨ ਪਾਕਿਸਤਾਨ ਵਿੱਚ ਪੈਟਰੋਲ 258.17 ਰੁਪਏ ਪ੍ਰਤੀ ਲੀਟਰ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਵਿੱਚ 131 ਰੁਪਏ ਦਾ ਵਾਧਾ ਹੋ ਚੁੱਕਾ ਹੈ, ਜੋ ਕਿ ਲਗਭਗ 51 ਫ਼ੀਸਦੀ ਹੈ।

ਵਧਦੀਆਂ ਕੀਮਤਾਂ ਦੇ ਮੱਦੇਨਜ਼ਰ, ਪਾਕਿਸਤਾਨ ਸਰਕਾਰ ਨੇ ਬਾਈਕ, ਰਿਕਸ਼ਾ ਅਤੇ 800 ਸੀਸੀ ਤੱਕ ਦੀਆਂ ਕਾਰਾਂ ਲਈ ਪੈਟਰੋਲ ‘ਤੇ ਸਬਸਿਡੀ ਯੋਜਨਾ ਸ਼ੁਰੂ ਕੀਤੀ ਹੈ। ਇਸ ਵਿੱਚ ਪੈਟਰੋਲ ‘ਤੇ 100 ਰੁਪਏ ਪ੍ਰਤੀ ਲੀਟਰ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਹਰ ਯੋਗ ਵਿਅਕਤੀ ਨੂੰ ਮਹੀਨੇ ਵਿੱਚ 4 ਟੋਕਨ ਮਿਲਣਗੇ। ਹਰ ਟੋਕਨ ‘ਤੇ 500 ਰੁਪਏ ਦੀ ਸਬਸਿਡੀ ਮਿਲੇਗੀ। ਇਸ ਯੋਜਨਾ ਵਿੱਚ 1 ਜਨਵਰੀ 2006 ਤੋਂ ਰਜਿਸਟਰਡ ਮੋਟਰਸਾਈਕਲ ਵੀ ਸ਼ਾਮਲ ਹਨ। ਸਰਕਾਰ ਮੁਤਾਬਕ, ਇਸ ਯੋਜਨਾ ਵਿੱਚ 17.5 ਲੱਖ ਤੋਂ ਵੱਧ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ। ਲਗਭਗ 15 ਲੱਖ ਟੋਕਨ ਜਾਰੀ ਹੋ ਚੁੱਕੇ ਹਨ ਅਤੇ 6.80 ਲੱਖ ਤੋਂ ਵੱਧ ਟੋਕਨ ਵਰਤੇ ਜਾ ਚੁੱਕੇ ਹਨ।

**ਰਾਮ ਮੰਦਰ ’ਚ...**

ਦਾ ਗਠਨ ਕੀਤਾ ਗਿਆ ਸੀ ਅਤੇ ਉਹ ਇਸ ਸਮੇਂ ਜਾਂਚ ਕਰ ਰਹੀ ਹੈ। ਸਾਲਿਸਿਟਰ ਜਨਰਲ ਨੇ ਦੱਸਿਆ ਕਿ ਐਸ.ਆਈ.ਟੀ. 25 ਸਤੰਬਰ ਤੱਕ ਚਾਰਜਸ਼ੀਟ ਦਾਖਲ ਕਰ ਦੇਵੇਗੀ। ਸੁਪਰੀਮ ਕੋਰਟ ਨੇ ਮੈਜਿਸਟਰੇਟ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਾਨੂੰਨ ਅਨੁਸਾਰ ਚਾਰਜਸ਼ੀਟ ’ਤੇ ਕਾਰਵਾਈ ਕਰਨ। ਪਟੀਸ਼ਨਰਾਂ ਨੇ ਐਸ.ਆਈ.ਟੀ. ਰਿਪੋਰਟ ਦੀ ਕਾਪੀ ਮੰਗੀ ਸੀ, ਪਰ ਸੁਪਰੀਮ ਕੋਰਟ ਨੇ ਇਸ ਬੇਨਤੀ ਨੂੰ ਠੁਕਰਾ ਦਿੱਤਾ।

**ਕੈਨੇਡਾ ’ਚ ਉਡਾਣ...**

ਵਿਦਿਆਰਥੀਆਂ ਦੀ ਮੌਤ ’ਤੇ ਦੁੱਖ ਪ੍ਰਗਟਾਇਆ। ‘ਐਕਸ’ ’ਤੇ ਇੱਕ ਪੋਸਟ ਵਿੱਚ, ਕੌਂਸਲੇਟ ਨੇ ਕਿਹਾ, ਵੈਨਕੂਵਰ ਵਿੱਚ ਭਾਰਤ ਦਾ ਕੌਂਸਲੇਟ ਜਨਰਲ ਤਾਮਿਲਨਾਡੂ ਦੇ ਮਨੋਜ ਸ਼ਿਵਕੁਮਾਰ ਅਤੇ ਪੁਡੂਚੇਰੀ ਦੇ ਸ੍ਰੀਸਰਨ ਥਿਰੂਗਨਾਨਾਸੰਬੰਥਮ ਦੇ ਦੇਹਾਂਤ ’ਤੇ ਡੂੰਘਾ ਦੁੱਖ ਪ੍ਰਗਟ ਕਰਦਾ ਹੈ। ਦੋਵੇਂ ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਉਡਾਣ ਸਿਖਲਾਈ ਦੌਰਾਨ ਇੱਕ ਦੁਖਦਾਈ ਜਹਾਜ਼ ਹਾਦਸੇ ਵਿੱਚ ਆਪਣੀ ਜਾਨ ਗੁਆ ਬੈਠੇ।

**ਸੋਨੀਆ ਗਾਂਧੀ ਦੇ...**

ਵਿੱਚ ਕਿਵੇਂ ਸ਼ਾਮਲ ਹੋਇਆ, 1982 ਵਿੱਚ ਕਿਵੇਂ ਹਟਾਇਆ ਗਿਆ ਅਤੇ 1983 ਵਿੱਚ ਮੁੜ ਕਿਵੇਂ ਦਰਜ ਕੀਤਾ ਗਿਆ। ਅਦਾਲਤ ਨੇ ਕਿਹਾ ਕਿ ਮੈਜਿਸਟਰੇਟ ਨੇ ਇਹ ਤੈਅ ਕਰਨ ਦੀ ਬਜਾਏ ਕਿ ਸ਼ਿਕਾਇਤ ਵਿੱਚ ਲਾਏ ਗਏ ਦੋਸ਼ ਕਿਸੇ ਅਪਰਾਧ ਦਾ ਖੁਲਾਸਾ ਕਰਦੇ ਹਨ ਜਾਂ ਨਹੀਂ, ਸ਼ਿਕਾਇਤ ਨੂੰ ਲੋੜੀਂਦੇ ਵੇਰਵਿਆਂ ਦੀ ਘਾਟ ਵਾਲੀ ਦੱਸ ਕੇ ਰੱਦ ਕਰ ਦਿੱਤਾ ਸੀ।

**ਪਾਕਿਸਤਾਨ ਨੇ ਅਫਗਾਨਿਸਤਾਨ...**

ਬਚਾਅ ਕਾਰਜ ਜਾਰੀ ਹਨ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਨੂੰ ਲੈ ਕੇ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਲੰਬੇ ਸਮੇਂ ਤੋਂ ਤਣਾਅ ਚੱਲ ਰਿਹਾ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਟੀਟੀਪੀ ਦੇ ਟਿਕਾਣੇ ਅਤੇ ਲੜਾਕੇ ਅਫਗਾਨ ਧਰਤੀ ’ਤੇ ਮੌਜੂਦ ਹਨ ਅਤੇ ਪਾਕਿਸਤਾਨ ਦੇ ਅੰਦਰ ਹਮਲੇ ਕਰਦੇ ਹਨ। ਅਫਗਾਨਿਸਤਾਨ ਨੇ ਲਗਾਤਾਰ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਉਹ ਸਰਹੱਦ ਪਾਰ ਸਥਿਤ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਫੌਜੀ ਕਾਰਵਾਈਆਂ ਕਰ ਰਿਹਾ ਹੈ।

**ਜ਼ਹੀਰ ਖਾਨ ਚੇਨਈ...**

ਵਿੱਚ ਲਖਨਊ ਸੁਪਰ ਜਾਇੰਟਸ ਲਈ ਸਲਾਹਕਾਰ (ਮੈਂਟਰ) ਦੀ ਭੂਮਿਕਾ ਵੀ ਨਿਭਾਈ।

2008 ਅਤੇ 2017 ਦੇ ਵਿਚਕਾਰ, ਉਨ੍ਹਾਂ ਨੇ 100 ਆਈਪੀਐਲ ਮੈਚ ਖੇਡੇ ਅਤੇ 102 ਵਿਕਟਾਂ ਲਈਆਂ, ਜਿਸ ਦੌਰਾਨ ਉਨ੍ਹਾਂ ਦੀ ਇਕਾਨਮੀ ਰੇਟ 7.59 ਰਹੀ। 2017 ਵਿੱਚ ਦਿੱਲੀ ਡੇਅਰਡੇਵਿਲਜ਼ ਲਈ ਖੇਡਣ ਤੋਂ ਬਾਅਦ ਉਨ੍ਹਾਂ ਨੇ ਕ੍ਰਿਕਟ ਦੇ ਸਾਰੇ ਫਾਰਮੈਟਾਂ ਤੋਂ ਸੰਨਿਆਸ ਲੈ ਲਿਆ।

**ਲਾਹੌਲ ਦੇ ਸਿੱਸੂ...**

ਗਈ, ਜਿਸ ਨਾਲ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਦੋ ਹੋ ਗਈ ਹੈ। ਇਸ ਦੌਰਾਨ, ਬਾਕੀ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਿਹੜੇ ਹਾਲਾਤਾਂ ਵਿੱਚ ਗੱਡੀ ਬੇਕਾਬੂ ਹੋਈ ਅਤੇ ਹਾਦਸੇ ਦਾ ਅਸਲ ਕਾਰਨ ਕੀ ਸੀ। ਡੀਐਸਪੀ ਕੇਡੀ ਸ਼ਰਮਾ ਨੇ ਦੱਸਿਆ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

**ਸੈਂਸੈਕਸ 448 ਅੰਕ ...**

ਕੰਪਨੀਆਂ ਵਿੱਚ ਸ਼ਾਮਲ ਸਨ। ਇਸ ਦੇ ਉਲਟ, ਇਨਫੋਸਿਸ, ਅਡਾਨੀ ਪੋਰਟਸ, ਭਾਰਤੀ ਏਅਰਟੈੱਲ ਅਤੇ ਪਾਵਰ ਗਰਿੱਡ ਦੇ ਸ਼ੇਅਰ ਗਿਰਾਵਟ ਨਾਲ ਕਾਰੋਬਾਰ ਕਰ ਰਹੇ ਸਨ। ਗਲੋਬਲ ਤੇਲ ਬੈਂਚਮਾਰਕ ‘ਬਰੈਂਟ ਕਰੂਡ’ (ਕੱਚਾ ਤੇਲ) 2.25 ਫੀਸਦੀ ਡਿੱਗ ਕੇ 101.5 ਡਾਲਰ ਪ੍ਰਤੀ ਬੈਰਲ ’ਤੇ ਆ ਗਿਆ। ਸਟਾਕ ਮਾਰਕੀਟ ਦੇ ਅੰਕੜਿਆਂ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਸ਼ੁੱਕਰਵਾਰ ਨੂੰ 599.54 ਕਰੋੜ ਰੁਪਏ ਦੇ ਸ਼ੇਅਰ ਖਰੀਦੇ ਸਨ।

ਹੋਰ ਏਸ਼ੀਆਈ ਬਾਜ਼ਾਰਾਂ ਵਿੱਚ, ਦੱਖਣੀ ਕੋਰੀਆ ਦਾ ਕੋਸਪੀ, ਚੀਨ ਦਾ ਸ਼ੰਘਾਈ ਕੰਪੋਜ਼ਿਟ ਅਤੇ ਹਾਂਗਕਾਂਗ ਦਾ ਹੈਂਗ ਸੇਂਗ ਸੂਚਕਾਂਕ ਵਾਧੇ ਨਾਲ ਕਾਰੋਬਾਰ ਕਰ ਰਹੇ ਸਨ। ਸ਼ੁੱਕਰਵਾਰ ਨੂੰ ਅਮਰੀਕੀ ਬਾਜ਼ਾਰ ਜ਼ਿਆਦਾਤਰ ਵਾਧੇ ਨਾਲ ਬੰਦ ਹੋਏ ਸਨ।

ਇਸ ਤੋਂ ਪਹਿਲਾਂ, ਸ਼ੁੱਕਰਵਾਰ ਨੂੰ ਸੈਂਸੈਕਸ 19.63 ਅੰਕ (0.03 ਫੀਸਦੀ) ਦੀ ਗਿਰਾਵਟ ਨਾਲ 74,294.96 ’ਤੇ ਬੰਦ ਹੋਇਆ ਸੀ, ਜਦੋਂ ਕਿ ਨਿਫਟੀ 75.80 ਅੰਕ (0.33 ਫੀਸਦੀ) ਚੜ੍ਹ ਕੇ 23,346.40 ’ਤੇ ਬੰਦ ਹੋਇਆ ਸੀ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

# ਭਾਈ ਘਨ੍ਹਈਆ ਜੀ ਦੇ ਮਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਦਾ ਆਯੋਜਿਨ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਇੱਥੋਂ ਨਜ਼ਦੀਕ ਪਿੰਡ ਮੁਬਾਰਕਪੁਰ ਦੇ ਗੁਰਦਵਾਰਾ ਸ੍ਰੀ ਆਨੰਦਸਰ ਸਾਹਿਬ ਵਿਖੇ ਪਿੰਡ ਭਾਈ ਘਨ੍ਹਈਆ ਜੀ ਦੇ ਮਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਸਵੈ-ਇਛੁੱਕ ਖ਼ੂਨਦਾਨ ਕੈਂਪ ਦਾ ਆਯੋਜਿਨ ਕੀਤਾ ਗਿਆ। ਬੀ.ਡੀ.ਸੀ ਬਲੱਡ ਸੈਂਟਰ ਨਵਾਂਸ਼ਹਿਰ ਦੇ ਡਾਕਟਰ ਅਜੇ ਬੱਗਾ ਦੀ ਅਗਵਾਈ ਵਿੱਚ ਤਕਨੀਕੀ ਟੀਮ ਨੇ ਆਪਣੀਆਂ ਸੇਵਾਵਾਂ ਦਿੱਤੀਆਂ ਤੇ 25 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।

ਜੋਗਾ ਸਿੰਘ ਸਾਧੜਾ ਨੇ ਦੱਸਿਆ ਕਿ ਖ਼ੂਨਦਾਨ ਕੈਂਪ ਵਾਸਤੇ ਪਿੰਡ ਦੀ ਸੰਗਤ ਤੇ ਇਲਾਕੇ ਦੇ ਸਮਾਜ ਸੇਵਕਾਂ ਨੇ ਸਹਿਯੋਗ ਦਿੱਤਾ ਹੈ। ਗੁਰਿੰਦਰ ਸਿੰਘ ਤੂਰ,ਜੇ ਐਸ ਗਿੱਦਾ ,ਦਰਸ਼ਨ ਸਿੰਘ ਮੱਟੂ ਤੇ ਡਾ.ਅਜੇ ਬੱਗਾ ਵਲੋਂ ਭਾਈ ਘਨ੍ਹਈਆ ਜੀ ਦੁਆਰਾ "ਨਾ ਕੋ ਬੈਰੀ ਨਹੀ ਬਿਗਾਨਾ" ਦੇ ਮਹਾਨ ਸਿਧਾਂਤ ਤੇ ਇਤਿਹਾਸਕ ਸੇਵਾ ਦਾ ਜਿਕਰ ਕੀਤਾ।ਉਹਨਾਂ ਨੂੰ ਸਮਰਪਿਤ ਸਵੈ-ਇਛੁੱਕ ਖ਼ੂਨਦਾਨ ਕੈਂਪ ਆਯੋਜਿਨ ਕਰਨ ਤੇ ਨਗਰ ਵਾਸੀਆਂ ਤੇ ਇਲਾਕੇ ਦੇ ਸਮਾਜ ਸੇਵਕਾਂ ਦੀ ਪ੍ਰਸੰਸਾ ਕੀਤੀ ਗਈ।




ਇਸ ਮੌਕੇ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ, ਰਾਵਲ ਸਿੰਘ ,ਐਡਵੋਕੇਟ ਐਸ ਕੇ ਸਰੀਨ, ਗੁਰਿੰਦਰ ਸਿੰਘ ਤੂਰ, ਜੇ ਐਸ ਗਿੱਦਾ, ਦਰਸ਼ਨ ਸਿੰਘ ਮੱਟੂ, ਅਮਰੀਕ ਦਿਆਲ, ਗੁਰਦਿਆਲ ਮਾਨ, ਭੁਪਿੰਦਰ ਸਿੰਘ ਰਾਣਾ, ਗੁਰਪ੍ਰੀਤ ਸਾਧਪੁਰੀ, ਚਰਨਜੀਤ ਸਿੰਘ, ਕੁਲਦੀਪ ਸਿੰਘ ਹੈੱਡ ਗ੍ਰੰਥੀ, ਨੰਬਰਦਾਰ ਦੇਸ ਰਾਜ ਬਾਲੀ, ਇੰਦਰਜੀਤ ਸਿੰਘ, ਡਾ ਬਿੱਕਰ ਸਿੰਘ, ਬਲਵਿੰਦਰ ਸਿੰਘ ਨਾਨੋਵਾਲੂ, ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖਾਲਸਾ, ਡਾ.ਅਵਤਾਰ ਸਿੰਘ ਦੇਨੋਵਾਲੂ, ਜਸਵਿੰਦਰ ਸਿੰਘ ਕਾਹਮਾ, ਪ੍ਰਦੀਪ ਰਾਣੇਵਾਲ ਟੱਪਰੀਆਂ, ਜਗਤਾਰ ਸਿੰਘ ਮਹਿੰਦੀਪੁਰ ਬਲਾਕ ਸੰਮਤੀ ਮੈਂਬਰ, ਐਡਵੋਕੇਟ ਗੌਰਵ ਸਰੀਨ, ਸੁਮੀਤ ਗਿੱਲ ਤੇ ਬੀ.ਡੀ.ਸੀ ਨਵਾਂਸ਼ਹਿਰ ਦਾ ਸਟਾਫ ਹਾਜਰ ਰਿਹਾ।

# ਨਵੇਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ 'ਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੇ ਵੀ.ਓਜ਼ ਦਾ ਸਨਮਾਨ

## ਵਿਸ਼ੇਸ਼ ਕਾਰਜ ਅ.ਫ਼ਸਰ ਵਲੋਂ ਵੈਰੀਫਿਕੇਸ਼ਨ ਦਾ ਕੰਮ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਦੀ ਅਪੀਲ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਸਰਕਾਰ ਵਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਤਹਿਤ ਚੱਲ ਰਹੀ ਵੈਰੀਫਿਕੇਸ਼ਨ ਪ੍ਰਕਿਰਿਆ ਨੂੰ ਬਹੁਤ ਵਧੀਆ ਢੰਗ ਨਾਲ ਕਰਨ ਲਈ ਅੱਜ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹੁਸ਼ਿਆਰਪੁਰ ਸਬ-ਡਵੀਜਨ ਦੇ ਪੰਜ ਵੈਰੀਫਿਕੇਸ਼ਨ ਅਧਿਕਾਰੀਆਂ ਨੂੰ ਸ਼ਲਾਘਾ ਪੱਤਰ ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ।





ਡਿਪਟੀ ਕਮਿਸ਼ਨਰ ਦੇ ਵਿਸ਼ੇਸ਼ ਕਾਰਜ ਅ.ਫ਼ਸਰ (ਸ਼ਹਿਰੀ ਮਾਮਲੇ) ਓਇਸ਼ੀ ਮੰਡਲ ਨੇ ਸਥਾਨਕ ਐਸ.ਡੀ.ਐਮ. ਦਫ਼ਤਰ ਵਿਖੇ ਪੰਜ ਵੈਰੀਫਿਕੇਸ਼ਨ ਅਧਿਕਾਰੀਆਂ ਨੂੰ ਸ਼ਲਾਘਾ ਪੱਤਰ ਦਿੰਦਿਆਂ ਅਪੀਲ ਕੀਤੀ ਕਿ ਜ਼ਿਲ੍ਹੇ ਵਿਚ ਵੱਖ-ਵੱਖ ਸਬ-ਡਵੀਜ਼ਨਾਂ ਅੰਦਰ ਨਵੇਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਨਿਰਧਾਰਤ ਸਮੇਂ ਸਿਰ ਇਹ ਪ੍ਰਕਿਰਿਆ ਮੁਕੰਮਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਵੈਰੀਫਿਕੇਸ਼ਨ ਅਧਿਕਾਰੀਆਂ, ਜਿਨ੍ਹਾਂ ਵਿਚ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਅਤੇ ਸਖੀਆ ਸ਼ਾਮਲ ਹਨ, ਵਲੋਂ ਘਰ-ਘਰ ਜਾ ਕੇ ਇਹ ਪ੍ਰਕਿਰਿਆ ਸੁਚੱਜੇ ਢੰਗ ਨਾਲ ਮੁਕੰਮਲ ਕੀਤੀ ਜਾ ਰਹੀ ਹੈ ਤਾਂ ਜੋ ਯੋਗ ਬਿਨੈਕਾਰਾਂ ਦੇ ਕਾਰਡ ਬਣ ਸਕਣ। ਉਨ੍ਹਾਂ ਨੇ ਸਾਰੇ ਵੈਰੀਫਿਕੇਸ਼ਨ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਦਿੱਤੇ ਗਏ ਖੇਤਰ ਵਿਚ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਇਸ ਕਾਰਜ ਨੂੰ ਮਿਥੇ ਸਮੇਂ ਅੰਦਰ ਨੇਪਰੇ ਚਾੜ੍ਹਨ।

ਇਸ ਮੌਕੇ ਜ਼ਿਲ੍ਹਾ ਖੁਰਾਕ ਅਤੇ ਸਪਲਾਈਜ਼ ਕੰਟਰੋਲਰ ਨਰਿੰਦਰ ਸਿੰਘ ਨੇ ਦੱਸਿਆ ਕਿ ਗੜ੍ਹਸ਼ੰਕਰ, ਹੁਸ਼ਿਆਰਪੁਰ, ਟਾਂਡਾ, ਦਸੂਹਾ ਅਤੇ ਮੁਕੇਰੀਆਂ ਵਿਖੇ ਵੈਰੀਫਿਕੇਸ਼ਨ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 1.20 ਲੱਖ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚ 17443 ਗੜ੍ਹਸ਼ੰਕਰ, 48971 ਹੁਸ਼ਿਆਰਪੁਰ, 8353 ਟਾਂਡਾ, 19294 ਦਸੂਹਾ ਅਤੇ 26317 ਮੁਕੇਰੀਆਂ ਵਿਖੇ ਪ੍ਰਾਪਤ ਹੋਈਆਂ। ਉਨ੍ਹਾਂ ਦੱਸਿਆ ਕਿ ਵੈਰੀਫਿਕੇਸ਼ਨ ਦਾ ਕਾਰਜ ਵਧੀਆ ਢੰਗ ਨਾਲ ਨਿਰਧਾਰਤ ਸਮੇਂ ਵਿਚ ਨੇਪਰੇ ਚਾੜ੍ਹਨ ਨੂੰ ਪੂਰੀ ਤਰਜੀਹ ਦਿੱਤੀ ਜਾ ਰਹੀ ਹੈ।

# ਹੁਸ਼ਿਆਰਪੁਰ 'ਚ ਫੂਡ ਸੇਫਟੀ ਟੀਮਾਂ ਦੀ ਸਖ਼ਤ ਕਾਰਵਾਈ-15 ਦੁਕਾਨਾਂ ਤੇ ਫੈਕਟਰੀਆਂ ਦੀ ਚੈਕਿੰਗ, 10 ਕਿਲੋ ਮਿਠਾਈ ਮੌਕੇ 'ਤੇ ਨਸ਼ਟ

## 4 ਇੰਪਰੂਵਮੈਂਟ ਨੋਟਿਸ ਵੀ ਕੀਤੇ ਜਾਰੀ- ਕਮੀਆਂ ਦੂਰ ਕਰੋ, ਨਹੀਂ ਤਾਂ ਹੋਵੇਗੀ ਕਾਨੂੰਨੀ ਕਾਰਵਾਈ

ਪੈ.ਗਾਮ-ਏ-ਜਗਤ/ਹੁਸ਼ਿਆਰਪੁਰ
(ਦਲਜੀਤ ਅਜਨੋਹਾ)

ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਸ੍ਰੀਮਤੀ ਕੰਵਲਪ੍ਰੀਤ ਕੌਰ ਬਰਾੜ, ਆਈ.ਏ.ਐਸ., ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ੍ਰੀਮਤੀ ਆਸ਼ਿਕਾ ਜੈਨ, ਆਈ.ਏ.ਐਸ. ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ ਦੀ ਅਗਵਾਈ ਹੇਠ ਫੂਡ ਸੇਫਟੀ ਟੀਮਾਂ ਵੱਲੋਂ ਜ਼ਿਲ੍ਹੇ ਵਿੱਚ ਫੂਡ ਸੇਫਟੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ 19 ਅਤੇ 20 ਸਤੰਬਰ 2026 ਨੂੰ ਫੂਡ ਸੇਫਟੀ ਟੀਮਾਂ ਵੱਲੋਂ ਹੁਸ਼ਿਆਰਪੁਰ ਲੋਕਲ, ਕੋਟ ਫਤੂਹੀ, ਟਾਂਡਾ, ਦਸੂਹਾ ਅਤੇ ਮੁਕੇਰੀਆਂ ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਸਵੀਟ ਸ਼ਾਪਾਂ, ਬੇਕਰੀ ਸ਼ਾਪਾਂ ਅਤੇ ਫੂਡ ਫੈਕਟਰੀਆਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਇਸ ਦੌਰਾਨ ਕੁੱਲ 15 ਫੂਡ ਬਿਜ਼ਨਸ ਯੂਨਿਟਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਡੀ.ਐਚ.ਓ. ਡਾ. ਜਤਿੰਦਰ ਭਾਟੀਆ ਦੀ ਹਾਜ਼ਰੀ ਵਿੱਚ ਐਫ.ਐਸ.ਓ. ਵਿਵੇਕ ਵੱਲੋਂ ਹੁਸ਼ਿਆਰਪੁਰ ਲੋਕਲ ਖੇਤਰ ਵਿੱਚ 5 ਫੂਡ ਬਿਜ਼ਨਸ ਯੂਨਿਟਾਂ ਦੀ ਜਾਂਚ, ਐਫ.ਐਸ.ਓ. ਇਸ਼ਾਨ ਬਾਂਸਲ ਵੱਲੋਂ ਕੋਟ ਫਤੂਹੀ ਖੇਤਰ ਵਿੱਚ 5 ਫੂਡ ਬਿਜ਼ਨਸ ਯੂਨਿਟਾਂ ਦੀ ਜਾਂਚ ਅਤੇ ਡੀ.ਐਚ.ਓ. ਡਾ. ਜਤਿੰਦਰ ਭਾਟੀਆ ਅਤੇ ਐਫ.ਐਸ.ਓ. ਮੁਨੀਸ਼ ਸੋਢੀ ਵੱਲੋਂ ਟਾਂਡਾ, ਦਸੂਹਾ ਅਤੇ ਮੁਕੇਰੀਆਂ ਖੇਤਰਾਂ ਵਿੱਚ 5 ਫੂਡ ਬਿਜ਼ਨਸ ਯੂਨਿਟਾਂ ਜਾਂਚ ਕੀਤੀਆਂ ਗਈਆਂ। ਇਸ ਤਰ੍ਹਾਂ ਕੁੱਲ 15 ਫੂਡ ਸੇਫਟੀ ਇੰਸਪੈਕਸ਼ਨ ਕੀਤੀਆਂ ਗਈਆਂ।



ਚੈਕਿੰਗ ਦੌਰਾਨ ਫੂਡ ਸੇਫਟੀ ਨਿਯਮਾਂ ਦੀ ਪਾਲਣਾ ਵਿੱਚ ਕਮੀਆਂ ਪਾਏ ਜਾਣ 'ਤੇ 4 ਫੂਡ ਬਿਜ਼ਨਸ ਓਪਰੇਟਰਾਂ ਨੂੰ ਇੰਪਰੂਵਮੈਂਟ ਨੋਟਿਸ ਜਾਰੀ ਕੀਤੇ ਗਏ। ਸਬੰਧਤ ਫੂਡ ਬਿਜ਼ਨਸ ਓਪਰੇਟਰਾਂ ਨੂੰ ਕਮੀਆਂ ਦੂਰ ਕਰਨ ਲਈ ਕਿਹਾ ਗਿਆ ਹੈ ਅਤੇ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਸਮੇਂ ਅੰਦਰ ਸਾਰੀਆਂ ਕਮੀਆਂ ਦੂਰ ਕਰਕੇ ਫੂਡ ਸੇਫਟੀ ਨਿਯਮਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ। ਕਮੀਆਂ ਦੂਰ ਨਾ ਕਰਨ ਜਾਂ ਮੁੜ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ ਨਿਯਮਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਹੁਸ਼ਿਆਰਪੁਰ ਦੀ ਇੱਕ ਫੂਡ ਫੈਕਟਰੀ ਦੀ ਚੈਕਿੰਗ ਦੌਰਾਨ ਕੇਕ ਨੂੰ ਅਖ਼ਬਾਰਾਂ ਵਿੱਚ ਲਪੇਟ ਕੇ ਰੱਖਿਆ ਜਾ ਰਿਹਾ ਸੀ। ਚੈਕਿੰਗ ਦੌਰਾਨ ਦੇਖਿਆ ਗਿਆ ਕਿ ਅਖ਼ਬਾਰ ਦੀ ਪ੍ਰਿੰਟਿੰਗ ਦੀ ਸਿਆਹੀ ਕੇਕ ਦੇ ਸੰਪਰਕ ਵਿੱਚ ਆ ਰਹੀ ਸੀ। ਫੂਡ ਸੇਫਟੀ ਟੀਮ ਵੱਲੋਂ ਇਸ ਪ੍ਰਥਾ ਨੂੰ ਤੁਰੰਤ ਬੰਦ ਕਰਵਾਇਆ ਗਿਆ ਅਤੇ ਸਬੰਧਤ ਕੇਕ ਨੂੰ ਨਸ਼ਟ ਕਰਵਾਇਆ ਗਿਆ।

ਇਸੇ ਤਰ੍ਹਾਂ ਚੈਕਿੰਗ ਦੌਰਾਨ ਦਸੂਹਾ ਵਿਖੇ ਲਗਭਗ 10 ਕਿਲੋ ਖਰਾਬ ਮਿਠਾਈਆਂ ਵੀ ਮੌਕੇ 'ਤੇ ਨਸ਼ਟ ਕਰਵਾਈਆਂ ਗਈਆਂ। ਫੂਡ ਸੇਫਟੀ ਟੀਮ ਵੱਲੋਂ ਸਬੰਧਤ ਫੂਡ ਬਿਜ਼ਨਸ ਓਪਰੇਟਰਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਕਿ ਖਾਣ-ਪੀਣ ਵਾਲੀਆਂ ਵਸਤੂਆਂ ਦੀ ਤਿਆਰੀ, ਪੈਕਿੰਗ, ਸਟੋਰੇਜ ਅਤੇ ਵਿਕਰੀ ਦੌਰਾਨ ਸਫ਼ਾਈ ਅਤੇ ਫੂਡ ਸੇਫਟੀ ਦੇ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇ।

ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ ਨੇ ਕਿਹਾ ਕਿ ਖਪਤਕਾਰਾਂ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫੂਡ ਬਿਜ਼ਨਸ ਓਪਰੇਟਰ ਸਿਰਫ਼ ਸਾਫ਼-ਸੁਥਰੇ, ਗੁਣਵੱਤਾ ਵਾਲੇ ਅਤੇ ਸੁਰੱਖਿਅਤ ਖਾਣ-ਪੀਣ ਵਾਲੇ ਪਦਾਰਥ ਹੀ ਤਿਆਰ ਅਤੇ ਵੇਚਣ। ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਅਖ਼ਬਾਰਾਂ ਜਾਂ ਅਜਿਹੀ ਕਿਸੇ ਵੀ ਸਮੱਗਰੀ ਵਿੱਚ ਪੈਕ ਨਾ ਕੀਤਾ ਜਾਵੇ ਜਿਸ ਨਾਲ ਭੋਜਨ ਦੀ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਫੂਡ ਸੇਫਟੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇੰਪਰੂਵਮੈਂਟ ਨੋਟਿਸ ਜਾਰੀ ਕੀਤੇ ਗਏ ਫੂਡ ਬਿਜ਼ਨਸ ਓਪਰੇਟਰਾਂ ਦੀ ਮੁੜ ਤੋਂ ਚੈਕਿੰਗ ਕੀਤੀ ਜਾਵੇਗੀ।

ਜੇਕਰ ਕਮੀਆਂ ਦੂਰ ਨਾ ਕੀਤੀਆਂ ਗਈਆਂ ਤਾਂ ਫੂਡ ਸੇਫਟੀ ਐਕਟ ਅਤੇ ਨਿਯਮਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਫੂਡ ਸੇਫਟੀ ਸਬੰਧੀ ਚੈਕਿੰਗ ਮੁਹਿੰਮ ਲਗਾਤਾਰ ਜਾਰੀ ਰਹੇਗੀ।


# ਸਿਵਲ ਸਰਜਨ ਹੁਸ਼ਿਆਰਪੁਰ ਵੱਲੋਂ ਐਚ.ਪੀ.ਵੀ. ਅਤੇ ਸਰਵਾਈਕਲ ਕੈਂਸਰ ਸਬੰਧੀ ਜਾਗਰੂਕਤਾ ਦਾ ਸੰਦੇਸ਼

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਨੇ ਔਰਤਾਂ ਵਿੱਚ ਸਰਵਾਈਕਲ ਕੈਂਸਰ ਤੋਂ ਬਚਾਅ ਲਈ ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ.) ਸਬੰਧੀ ਜਾਗਰੂਕਤਾ ਪੈਦਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਐਚ.ਪੀ.ਵੀ. ਦੀ ਲਾਗ ਸਰਵਾਈਕਲ ਕੈਂਸਰ ਦਾ ਇੱਕ ਮਹੱਤਵਪੂਰਨ ਕਾਰਨ ਹੈ ਅਤੇ ਇਸ ਤੋਂ ਬਚਾਅ ਲਈ ਟੀਕਾਕਰਨ ਅਤੇ ਸਮੇਂ ਸਿਰ ਜਾਂਚ ਬਹੁਤ ਅਹਿਮ ਹਨ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੇ ਦੱਸਿਆ ਕਿ ਐਚ.ਪੀ.ਵੀ. ਇੱਕ ਵਾਇਰਸ ਹੈ ਜਿਸ ਦੀਆਂ 200 ਤੋਂ ਵੱਧ ਕਿਸਮਾਂ ਹਨ। ਇਨ੍ਹਾਂ ਵਿੱਚੋਂ ਕੁਝ ਕਿਸਮਾਂ ਨੂੰ ਉੱਚ-ਖਤਰੇ ਵਾਲੀਆਂ ਮੰਨਿਆ ਜਾਂਦਾ ਹੈ, ਜਿਨ੍ਹਾਂ ਵਿੱਚ ਐਚ.ਪੀ.ਵੀ.-16 ਅਤੇ ਐਚ.ਪੀ.ਵੀ.-18 ਪ੍ਰਮੁੱਖ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਹ ਦੋਵੇਂ ਕਿਸਮਾਂ ਦੁਨੀਆ ਭਰ ਵਿੱਚ ਸਰਵਾਈਕਲ ਕੈਂਸਰ ਦੇ ਲਗਭਗ 70 ਫੀਸਦੀ ਮਾਮਲਿਆਂ ਨਾਲ ਜੁੜੀਆਂ ਹਨ।

ਉਨ੍ਹਾਂ ਦੱਸਿਆ ਕਿ ਸਾਲ 2022 ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਸਰਵਾਈਕਲ ਕੈਂਸਰ ਔਰਤਾਂ ਵਿੱਚ ਦੂਜਾ ਪ੍ਰਮੁੱਖ ਕੈਂਸਰ ਹੈ। ਇਸ ਸਾਲ ਦੌਰਾਨ ਦੇਸ਼ ਵਿੱਚ ਸਰਵਾਈਕਲ ਕੈਂਸਰ ਦੇ ਲਗਭਗ 79,103 ਨਵੇਂ ਮਾਮਲੇ ਅਤੇ 34,805 ਮੌਤਾਂ ਦਰਜ ਹੋਣ ਦਾ ਅਨੁਮਾਨ ਹੈ।





### 14 ਸਾਲ ਦੀਆਂ ਕੁੜੀਆਂ ਐਚ.ਪੀ.ਵੀ. ਟੀਕਾ ਜ਼ਰੂਰ ਲਗਵਾਉਣ

ਡਾ. ਸੀਮਾ ਗਰਗ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ 28 ਫਰਵਰੀ 2026 ਤੋਂ ਰਾਸ਼ਟਰੀ ਐਚ.ਪੀ.ਵੀ. ਟੀਕਾਕਰਨ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤਹਿਤ 14 ਸਾਲ ਦੀਆਂ ਕੁੜੀਆਂ ਨੂੰ ਗਾਰਡਾਸਿਲ-4 ਐਚ.ਪੀ.ਵੀ. ਟੀਕੇ ਦੀ ਇੱਕੋ ਖੁਰਾਕ ਮੁਫ਼ਤ ਲਗਾਈ ਜਾ ਰਹੀ ਹੈ। ਇਹ ਟੀਕਾ ਸਰਕਾਰੀ ਸਿਹਤ ਸੰਸਥਾਵਾਂ, ਜਿਵੇਂ ਆਯੁਸ਼ਮਾਨ ਆਰੋਗਿਆ ਮੰਦਰ-ਪੀ.ਐਚ.ਸੀ., ਸੀ.ਐਚ.ਸੀ., ਸਬ-ਡਵੀਜ਼ਨਲ /ਜ਼ਿਲ੍ਹਾ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਦੀ ਧੀ 14 ਸਾਲ ਦੀ ਉਮਰ ਦੇ ਨਿਰਧਾਰਤ ਯੋਗਤਾ ਵਰਗ ਵਿੱਚ ਆਉਂਦੀ ਹੈ ਤਾਂ ਉਸ ਦਾ ਐਚ.ਪੀ.ਵੀ. ਟੀਕਾਕਰਨ ਜ਼ਰੂਰ ਕਰਵਾਇਆ ਜਾਵੇ। ਟੀਕਾਕਰਨ ਮਾਪਿਆਂ/ਸਰਪ੍ਰਸਤ ਦੀ ਸਹਿਮਤੀ ਨਾਲ ਕੀਤਾ ਜਾਂਦਾ ਹੈ ਅਤੇ ਇਸ ਦੀ ਐਂਟਰੀ ਯੂ-ਵਿਨ ਪਲੇਟਫਾਰਮ 'ਤੇ ਦਰਜ ਕੀਤੀ ਜਾਂਦੀ ਹੈ। ਭਾਰਤ ਦੇ ਰਾਸ਼ਟਰੀ ਪ੍ਰੋਗਰਾਮ ਤਹਿਤ ਗਾਰਡਾਸਿਲ-4 ਦੀ ਇੱਕੋ ਖੁਰਾਕ ਦਿੱਤੀ ਜਾਂਦੀ ਹੈ। ਇਹ ਐਚ.ਪੀ.ਵੀ. ਦੀਆਂ ਕਿਸਮਾਂ 6, 11, 16 ਅਤੇ 18 ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਸਰਕਾਰੀ ਪ੍ਰੋਗਰਾਮ ਤਹਿਤ ਇਹ ਟੀਕਾ ਬਿਲਕੁਲ ਮੁਫ਼ਤ ਹੈ, ਜਦਕਿ ਨਿੱਜੀ ਖੇਤਰ ਵਿੱਚ ਐਚ.ਪੀ.ਵੀ. ਟੀਕਾਕਰਨ ਲਈ ਖਰਚਾ ਕਰਨਾ ਪੈ ਸਕਦਾ ਹੈ।

ਡਾ. ਮਨਦੀਪ ਕਮਲ ਨੇ ਕਿਹਾ ਕਿ ਜੇ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਵਿੱਚ ਯੋਗ ਉਮਰ ਦੀਆਂ ਵਿਦਿਆਰਥਣਾਂ ਲਈ ਐਚ.ਪੀ.ਵੀ. ਟੀਕਾਕਰਨ ਸੈਸ਼ਨ/ਕੈਂਪ ਲਗਾਉਣ ਦੀ ਲੋੜ ਹੈ ਤਾਂ ਸਕੂਲ ਪ੍ਰਬੰਧਕ ਸਿਹਤ ਵਿਭਾਗ ਦੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰ ਸਕਦੇ ਹਨ, ਤਾਂ ਜੋ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟੀਕਾਕਰਨ ਸੈਸ਼ਨ ਦਾ ਪ੍ਰਬੰਧ ਕੀਤਾ ਜਾ ਸਕੇ।

### ਐਚ.ਪੀ.ਵੀ. ਟੀਕੇ ਬਾਰੇ ਭਰਮਾਂ ਤੋਂ ਬਚਣ ਦੀ ਅਪੀਲ

ਡਾ. ਸੀਮਾ ਗਰਗ ਨੇ ਕਿਹਾ ਕਿ ਐਚ.ਪੀ.ਵੀ. ਟੀਕੇ ਸਬੰਧੀ ਕਈ ਤਰ੍ਹਾਂ ਦੇ ਭਰਮ ਅਤੇ ਗਲਤ ਧਾਰਨਾਵਾਂ ਫੈਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਉਪਲਬਧ ਵਿਗਿਆਨਕ ਸਬੂਤਾਂ ਅਨੁਸਾਰ ਐਚ.ਪੀ.ਵੀ. ਟੀਕੇ ਸੁਰੱਖਿਅਤ ਹਨ ਅਤੇ ਇਹ ਭਵਿੱਖ ਵਿੱਚ ਬੱਚਾ ਪੈਦਾ ਕਰਨ ਦੀ ਸਮਰੱਥਾ/ਫਰਟੀਲਿਟੀ ਨੂੰ ਨੁਕਸਾਨ ਪਹੁੰਚਾਉਣ ਦਾ ਸਬੂਤ ਨਹੀਂ ਦਿਖਾਉਂਦੇ। ਉਨ੍ਹਾਂ ਸਪੱਸ਼ਟ ਕੀਤਾ ਕਿ ਐਚ.ਪੀ.ਵੀ. ਟੀਕਾ ਗਰਭ ਅਵਸਥਾ ਦੌਰਾਨ ਆਮ ਤੌਰ 'ਤੇ ਨਹੀਂ ਲਗਾਇਆ ਜਾਂਦਾ।

# ਖ਼ਾਲਸਾ ਕਾਲਜ ਦੀਆਂ ਬੀ.ਐੱਸ.ਸੀ. ਬੀ.ਐੱਡ. ਦੀਆਂ 2 ਵਿਦਿਆਰਥਣਾਂ ਵਲੋਂ ਪੰਜਾਬ 'ਵਰਸਿਟੀ ਦੀ ਮੈਰਿਟ ਸੂਚੀ 'ਚ ਪਹਿਲਾ ਤੇ ਦੂਜਾ ਸਥਾਨ ਹਾਸਿਲ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਪੰਜਾਬ 'ਵਰਸਿਟੀ ਚੰਡੀਗੜ੍ਹ ਵਲੋਂ ਚਾਰ ਸਾਲਾ ਇੰਟੀਗ੍ਰੇਟਿਡ ਕੋਰਸ ਬੀ.ਐੱਸ.ਸੀ. ਬੀ.ਐੱਡ. ਛੇਵੇਂ ਸਮੈਸਟਰ ਦੇ ਐਲਾਨੇ ਗਏ ਨਤੀਜੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀਆਂ ਦੋ ਵਿਦਿਆਰਥਣਾਂ ਭਾਵਿਆ ਅਤੇ ਹਰਮਨਪ੍ਰੀਤ ਕੌਰ ਨੇ ਮੈਰਿਟ ਸੂਚੀ ਵਿਚ ਛੇਵੀਂ ਵਾਰ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ ਹੈ।

- ਭਾਵਿਆ ਤੇ ਹਰਮਨਪ੍ਰੀਤ ਕੌਰ ਵਲੋਂ ਛੇਵੀਂ ਵਾਰ ਮੈਰਿਟ ਸੂਚੀ 'ਚ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ



ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ 'ਵਰਸਿਟੀ ਵਲੋਂ ਚਾਰ ਸਾਲਾ ਇੰਟੀਗ੍ਰੇਟਿਡ ਕੋਰਸ ਬੀ.ਐੱਸ.ਸੀ. ਬੀ.ਐੱਡ. ਛੇਵੇਂ ਸਮੈਸਟਰ ਦੇ ਐਲਾਨੇ ਗਏ ਨਤੀਜੇ ਵਿਚ ਵਿਦਿਆਰਥਣ ਭਾਵਿਆ ਨੇ 92.38 ਫੀਸਦੀ ਅੰਕ ਲੈ ਕੇ ਮੈਰਿਟ ਸੂਚੀ ਵਿਚ ਪਹਿਲਾ ਅਤੇ ਹਰਮਨਪ੍ਰੀਤ ਕੌਰ ਨੇ 89.8 ਫੀਸਦੀ ਅੰਕ ਲੈ ਕੇ ਮੈਰਿਟ ਸੂਚੀ ਵਿਚ ਦੂਜਾ ਸਥਾਨ ਹਾਸਿਲ ਕੀਤਾ ਹੈ। ਵਿਦਿਆਰਥਣ ਅਮਨਦੀਪ ਕੌਰ 81 ਫੀਸਦੀ ਅੰਕ ਲੈ ਕੇ ਕਾਲਜ ਵਿਚੋਂ ਤੀਜੇ ਸਥਾਨ 'ਤੇ ਰਹੀ ਹੈ।

ਪ੍ਰਿੰਸੀਪਲ ਡਾ. ਹੀਰਾ ਨੇ ਦੱਸਿਆ ਕਿ ਦੋਵੇਂ ਵਿਦਿਆਰਥਣਾਂ ਭਾਵਿਆ ਅਤੇ ਹਰਮਨਪ੍ਰੀਤ ਕੌਰ ਪਹਿਲੇ ਸਮੈਸਟਰ ਤੋਂ ਲੈ ਕੇ ਪੰਜਵੇਂ ਸਮੈਸਟਰ ਤੱਕ ਮੈਰਿਟ ਸੂਚੀ ਵਿਚ ਪਹਿਲਾ ਅਤੇ ਦੂਜਾ ਸਥਾਨ ਹਾਸਿਲ ਕਰ ਚੁੱਕੀਆਂ ਹਨ ਤੇ ਹੁਣ ਛੇਵੀਂ ਵਾਰ ਦੋਵੇਂ ਵਿਦਿਆਰਥਣਾਂ ਨੇ ਮੈਰਿਟ ਸੂਚੀ 'ਚ ਮਾਅਰਕਾ ਮਾਰਦੇ ਹੋਏ ਆਪਣਾ, ਆਪਣੇ ਮਾਪਿਆਂ ਅਤੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਇਸ ਪ੍ਰਾਪਤੀ ਲਈ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ, ਐਜੂਕੇਸ਼ਨ ਵਿਭਾਗ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਤੇ ਵਿਦਿਆਰਥਣਾਂ ਨੂੰ ਭਵਿੱਖ ਵਿਚ ਹੋਰ ਵੀ ਮੱਲਾ ਮਾਰਨ ਲਈ ਪ੍ਰੇਰਿਤ ਕੀਤਾ।

# ਵਿਦਿਆਰਥੀ ਪ੍ਰਿੰਸ ਚੌਧਰੀ ਤੇ ਜਸਪਾਲ ਸਿੰਘ ਜ਼ਿਲ੍ਹਾ ਪੱਧਰੀ ਸਮਾਗਮ 'ਚ 'ਅਵਾਰਡ ਆ.ਫ ਆਨਰ' ਨਾਲ ਸਨਮਾਨਿਤ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਬੀਤੇ ਦਿਨੀਂ ਰਾਇਤ ਬਾਹਰਾ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ 'ਮੈਗਾ ਵੋਟਰ ਐਨਰੋਲਮੈਂਟ ਡਰਾਈਵ' ਦੌਰਾਨ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਦੋ ਵਿਦਿਆਰਥੀਆਂ ਪਿ?ਰੰਸ ਕੁਮਾਰ ਅਤੇ ਜਸਪਾਲ ਸਿੰਘ ਨੂੰ 'ਅਵਾਰਡ ਆਫ਼ ਆਨਰ' ਨਾਲ ਸਨਮਾਨਿਤ ਕੀਤਾ ਗਿਆ ਹੈ ਜੋ ਇਲਾਕੇ ਅਤੇ ਕਾਲਜ ਲਈ ਮਾਣ ਵਾਲੀ ਗੱਲ ਹੈ। ਸਨਮਾਨ ਪ੍ਰਾਪਤ ਕਰਨ ਸਮੇਂ ਵਿਦਿਆਰਥੀਆਂ ਨਾਲ ਇੰਜ. ਬਲਵੀਰ ਸਿੰਘ ਸਵੀਪ ਸਹਾਇਕ ਨੋਡਲ ਅਫਸਰ ਅਤੇ ਤਨੁਜ ਜੀੜ ਸਵੀਪ ਸਹਾਇਕ ਨੋਡਰ ਅਫਸਰ ਹਾਜਰ ਸਨ। ਇਹ ਸਨਮਾਨ ਵਿਦਿਆਰਥੀਆਂ ਵਲੋਂ ਵੋਟਰ ਜਾਗਰੂਕਤਾ ਅਤੇ ਸਵੀਪ ਦੀਆਂ ਗਤੀਵਿਧੀਆਂ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਦਿੱਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਵਿਦਿਆਰਥੀ ਪ੍ਰਿੰਸ ਚੌਧਰੀ ਅਤੇ ਜਸਪਾਲ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆ ਕਿਹਾ ਕਿ ਨੌਜਵਾਨਾਂ ਦੀ ਅਜਿਹੀ ਸਰਗਰਮ ਭਾਗੀਦਾਰੀ ਲੋਕਤੰਤਰ ਨੂੰ ਮਜ਼ਬੂਤ ਕਰਨ ਵਿਚ ਅਹਿਮ ਯੋਗਦਾਨ ਪਾਉਂਦੀ ਹੈ। ਟੀਮ ਸਵੀਪ ਗੜ੍ਹਸ਼ੰਕਰ-045 ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਹਲਕੇ ਦੇ ਸਾਰੇ ਸਕੂਲਾਂ, ਕਾਲਜਾਂ ਦੇ ਮੁਖੀਆਂ ਅਤੇ ਸਵੀਪ ਨੋਡਲ ਅਫਸਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਣ ਵਾਲੀਆਂ ਸਵੀਪ ਗਤੀਵਿਧੀਆਂ ਵਿਚ ਵੱਧ-ਚੜ੍ਹਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਤਾਂ ਜੋ ਨੌਜਵਾਨ ਵੋਟਰ ਆਪਣੇ ਲੋਕਤੰਤਰੀ ਹੱਕ ਪ੍ਰਤੀ ਜਾਗਰੂਕ ਹੋ ਸਕਣ।




# ਬੀਰੋਵਾਲ 'ਚ ਸ਼ਾਇਰ ਕਟਾਰੀਆ ਨਾਲ ਸੰਵਾਦ ਰਚਾਇਆ

ਪੈ.ਗਾਮ-ਏ-ਜਗਤ
ਨਵਾਂ ਸ਼ਹਿਰ, (ਦੇਸ ਰਾਜ ਬਾਲੀ)

ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਪਿੰਡ ਬੀਰੋਵਾਲ ਵਿਖੇ ਸ਼ਾਇਰ ਪ੍ਰਿੰਸੀਪਲ ਰਾਮ ਨਾਥ ਕਟਾਰੀਆ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ।

- 'ਲੇਖਕ ਦੇ ਵਿਹੜੇ' ਪ੍ਰੋਗਰਾਮ ਤਹਿਤ ਪਾਈ ਵਿਚਾਰਾਂ ਦੀ ਸਾਂਝ

ਇਹ ਸਮਾਗਮ ਸੰਸਥਾ ਵਲੋਂ ਆਰੰਭੀ 'ਲੇਖਕ ਦੇ ਵਿਹੜੇ' ਸਮਾਗਮਾਂ ਦੀ ਲੜੀ ਤਹਿਤ ਕੀਤਾ ਗਿਆ। ਇਸ ਮੌਕੇ ਉਹਨਾਂ ਆਪਣੇ ਹੁਣ ਤੱਕ ਦੇ ਸੰਘਰਸ਼ਸ਼ੀਲ ਜੀਵਨ ਅਤੇ ਲਿਖਣ ਸਫ਼ਰ ਸਬੰਧੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਸਮਾਗਮ ਦੀ ਅਗਵਾਈ ਸੰਸਥਾ ਦੇ ਪ੍ਰਧਾਨ ਦਵਿੰਦਰ ਸਕੋਹਪੁਰੀ ਨੇ ਕੀਤੀ ਜਦੋਂ ਕਿ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਮਾਜ ਸੇਵੀ ਡਾ. ਬਖਸ਼ੀਸ਼ ਸਿੰਘ ਨੇ ਸਨਮਾਨ ਰਸਮ ਨਿਭਾਈ।



ਪ੍ਰਿੰ. ਰਾਮ ਨਾਥ ਕਟਾਰੀਆ ਨੇ ਦੱਸਿਆ ਕਿ ਉਹਨਾਂ ਦੇ ਹੁਣ ਤੱਕ ਦੇ ਸਾਥ ਵਲੋਂ ਉਹਨਾਂ ਦੀ ਜੀਵਨ ਸਾਥਣ ਅਵਤਾਰ ਕੌਰ ਕਟਾਰੀਆ ਦਾ ਵੱਡਾ ਯੋਗਦਾਨ ਹੈ। ਉਹਨਾਂ ਕਿਹਾ ਕਿ ਨਵਜੋਤ ਸਾਹਿਤ ਸੰਸਥਾ ਨਾਲ ਜੁੜ ਕੇ ਉਹਨਾਂ ਦੀ ਲਿਖਣ ਕਲਾ ਨੂੰ ਹੋਰ ਬਲ ਮਿਲਿਆ ਹੈ ਅਤੇ ਉਹ ਸੰਸਥਾ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨਦੇ ਹਨ। ਉਹਨਾਂ ਦੱਸਿਆ ਕਿ ਉਹਨਾਂ ਦੀ ਕਾਵਿ ਰੰਗ 'ਚ ਜ਼ਿਆਦਾ ਪਕੜ ਹੈ ਪਰ ਵਾਰਤਕ ਵਿੱਚ ਵੀ ਉਹ ਸਮੇਂ ਰਚਨਾਵਾਂ ਲਿਖਦੇ ਰਹਿੰਦੇ ਹਨ। ਉਹਨਾਂ ਦੀ ਪਤਨੀ ਨੇ ਦੱਸਿਆ ਕਿ ਵਿਸ਼ਿਆ ਦੀ ਵੰਨ ਸੁਵੰਨਤਾ ਅਤੇ ਸਮਾਜ ਲਈ ਪ੍ਰੇਰਨਾ ਦਾ ਉਦੇਸ਼ ਪ੍ਰਿੰਸੀਪਲ ਰਾਮ ਨਾਥ ਕਟਾਰੀਆ ਦੀਆਂ ਰਚਨਾਵਾਂ 'ਚ ਸਦਾ ਹਾਜ਼ਰ ਰਹਿੰਦਾ ਹੈ।

ਇਸ ਮੌਕੇ ਮੰਚ ਦਾ ਸੰਚਾਲਨ ਕਰਦਿਆਂ ਸੰਸਥਾ ਦੇ ਸਕੱਤਰ ਡਾ. ਕੇਵਲ ਰਾਮ ਨਵਾਂ ਸ਼ਹਿਰ ਨੇ ਪ੍ਰਿੰਸੀਪਲ ਰਾਮ ਨਾਥ ਕਟਾਰੀਆ ਦੀਆਂ ਸਮਾਜਿਕ ਅਤੇ ਸਾਹਿਤਕ ਸੇਵਾਵਾਂ ਦੀ ਸਾਂਝ ਪਾਈ ਅਤੇ ਨਵਜੋਤ ਪਰਿਵਾਰ ਵਲੋਂ ਸਾਹਿਤਕ ਖੇਤਰ ਵਿੱਚ ਵੱਡੇ ਪੱਧਰ ਦੀਆਂ ਸਰਗਮਰੀਆਂ ਨੂੰ ਸਮਾਜ ਦਾ ਮਾਣ ਦੱਸਿਆ। ਸੰਸਥਾ ਦੇ ਸਾਬਕਾ ਪ੍ਰਧਾਨ ਸਤਪਾਲ ਸਾਹਲੋਂ, ਗੁਰਨੇਕ ਸ਼ੇਰ ਅਤੇ ਸੁਰਜੀਤ ਮਜਾਰੀ ਨੇ ਆਪੋ ਆਪਣੇ ਵਿਚਾਰਾਂ ਵਿੱਚ ਪ੍ਰਿੰ. ਰਾਮ ਨਾਥ ਕਟਾਰੀਆ ਦੀ ਲਿਖਤਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਦੀ ਸਦਾ ਚੜ੍ਹਦੀ ਕਲਾ ਦੀ ਕਾਮਨਾ ਕੀਤੀ। ਇਸ ਮੌਕੇ ਸੰਸਥਾ ਵਲੋਂ ਉਹਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਸਮਾਗਮ ਦੌਰਾਨ ਹਰੀ ਕ੍ਰਿਸ਼ਨ ਪਟਵਾਰੀ, ਦੇਸ ਰਾਜ ਬਾਲੀ, ਮਨਪ੍ਰੀਤ ਕੌਰ, ਗੁਰਨੇਕ ਸ਼ੇਰ, ਸਤਪਾਲ ਸਾਹਲੋਂ, ਸ਼ਿਵ ਵਿਛੋੜੀ, ਬੀਬੀਤਾ ਅਤੇ ਭਾਵਨਾ ਨੇ ਕਾਵਿ ਰਚਨਾਵਾਂ ਸੁਣਾਈਆਂ।

# ਨਸ਼ੇ ਤੋਂ ਦੂਰ ਖੁਸ਼ੀਆਂ ਭਰਪੂਰ : ਸ. ਚਮਨ ਸਿੰਘ(ਪ੍ਰੋਜੈਕਟ ਡਾਇਰੈਕਟਰ)

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਰੈੱਡ ਕਰਾਸ ਨਸ਼ਾ ਪੀੜ੍ਹਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਸਰਕਾਰੀ ਹਾਈ ਸਕੂਲ, ਪਿੰਡ ਚਾਂਦਪੁਰ ਰੁੜਕੀ ਨਵਾਂਸ਼ਹਿਰ) ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ ਗਿਆ । ਇਸ ਕੈਂਪ ਦੀ ਪ੍ਰਧਾਨਗੀ ਮਹਿੰਦਰ ਸਿੰਘ (ਮੁੱਖ ਅਧਿਆਪਕ) ਨੇ ਕੀਤੀ।



ਇਸ ਮੌਕੇ ਤੇ ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਸ਼ੇ ਨਾਲ ਪੰਜਾਬ ਵਿੱਚ ਹਰ ਰੋਜ ਮੌਤਾਂ ਹੋ ਰਹੀਆਂ ਹਨ। ਸਕੂਲ ਦੇ ਛੋਟੇ ਬੱਚੇ ਵੀ ਨਸ਼ੇ ਦੀ ਗ੍ਰਿਫਤ ਵਿੱਚ ਫਸ ਰਹੇ ਹਨ। ਜਿਸ ਵਿੱਚ ਸਕੂਲ ਵਿੱਚ ਪੜ੍ਹਦੇ ਬੱਚੇ ਬੀੜੀ, ਸਿਗਰਟ ਤੋਂ ਸ਼ੁਰੂ ਹੋ ਕੇ ਹੈਰੋਇਨ ਵਰਗੇ ਨਸ਼ਿਆ ਦੀ ਗ੍ਰਿਫਤ ਵਿੱਚ ਫਸਦੇ ਜਾ ਰਹੇ ਹਨ। ਉਨਾ ਨੇ ਕਿਹਾ ਕਿ ਤੁਸੀ ਕਦੇ ਵੀ ਕਿਸੇ ਦੇ ਬਹਿਕਾਵੇ ਵਿੱਚ ਜਾਂ ਕਿਸੇ ਦੇ ਕਹਿਣ ਤੇ ਕਿਸੇ ਨਸ਼ੀਲੀ ਵਸਤੂ ਦੀ ਵਰਤੋਂ ਨਹੀਂ ਕਰਨੀ ਹੈ। ਉਨਾਂ ਨੇ ਅਪੀਲ ਕੀਤੀ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨਾ ਪਵੇਗਾ । ਉਨਾਂ ਨੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਵਿਦਿਆਰਥੀਆਂ ਨੂੰ ਸਕੂਲ ਦੀ ਪੜ੍ਹਾਈ ਦੇ ਨਾਲ- ਨਾਲ ਨਸ਼ੇ ਬਾਰੇ ਵੀ ਜਾਗਰੂਕ ਕਰਦੇ ਰਹਿਣ। ਇਸ ਮੌਕੇ ਤੇ ਵਿਦਿਆਰਥੀਆਂ ਸਮੇਤ ਸਾਰੇ ਹੀ ਮੌਜੂਦ ਲੋਕਾਂ ਨੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ੇ ਤੋਂ ਦੂਰ ਰਹਿਣ ਲਈ ਪ੍ਰਣ ਲਿਆ।

ਇਸ ਮੌਕੇ ਤੇ ਮਹਿੰਦਰ ਸਿੰਘ (ਅਧਿਆਪਕ) ਨੇ ਨਸ਼ੇ ਤੋਂ ਦੂਰ ਰਹਿਣ ਲਈ ਆਪਣੇ ਵਿਚਾਰ ਦਿੱਤੇ ਅਤੇ ਰੈੱਡ ਕਰਾਸ ਟੀਮ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਰੈੱਡ ਕਰਾਸ ਇੱਕ ਅਜਿਹੀ ਸੰਸਥਾ ਹੈ ਜੋ ਮਨੁੱਖੀ ਸੇਵਾ ਲਈ ਕੰਮ ਕਰ ਰਹੀ ਹੈ , ਪੰਜਾਬ ਸਰਕਾਰ ਵਲੋ ਅਤੇ ਸੰਸਥਾਵਾਂ ਵਲੋਂ ਵਧੀਆ ਕਾਰਜ ਕੀਤਾ ਜਾ ਰਿਹਾ ਹੈ ਤਾਂ ਜੋ ਨਸ਼ਿਆਂ ਵਿੱਚ ਫਸੇ ਨੌਜਵਾਨਾਂ ਨੂੰ ਨਵੀਂ ਸੇਧ ਦੇ ਸਕੀਏ ਤਾਂ ਜੋ ਪੰਜਾਬ ਅਤੇ ਸਮਾਜ ਦਾ ਵਿਕਾਸ ਹੋ ਸਕੇ । ਇਸ ਮੌਕੇ ਤੇ ਸਕੂਲ ਸਟਾਫ ਮੈਂਬਰ ਅੰਜੂ ਰਾਣੀ, ਸਰਬਜੀਤ ਕੌਰ, ਇੰਦਰਜੀਤ ਕੌਰ , ਅਤੇ ਸੁਕਲ ਦੇ ਵਿਦਿਆਰਥੀ ਹਾਜਿਰ ਸਨ।

# ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ਵੱਲੋਂ ਪਲੇਠਾ ਆਨਲਾਈਨ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬੀ ਜ਼ੁਬਾਨ ਦੇ ਮਹਾਨ ਕਹਾਣੀਕਾਰ ਲਾਲ ਸਿੰਘ ਦਸੂਹਾ ਦੀ ਯਾਦ ਨੂੰ ਸਮਰਪਿਤ ਗਠਿਤ ਕੀਤੇ ਗਏ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਵੱਲੋਂ ਆਪਣਾ ਪਲੇਠਾ ਆਨਲਾਈਨ ਕਵੀ ਦਰਬਾਰ ਬੜੇ ਉਤਸ਼ਾਹ, ਸਾਹਿਤਕ ਗੰਭੀਰਤਾ ਅਤੇ ਪੰਜਾਬੀਅਤ ਦੀ ਭਾਵਨਾ ਨਾਲ ਕਰਵਾਇਆ ਗਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਇਸ ਕਵੀ ਦਰਬਾਰ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਜੁੜੇ ਨਾਮਵਰ ਕਵੀਆਂ ਅਤੇ ਸ਼ਾਇਰਾਂ ਨੇ ਆਪਣੀਆਂ ਨਜ਼ਮਾਂ, ਗ਼ਜ਼ਲਾਂ ਅਤੇ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਸਾਹਿਤਕ ਰੰਗ ਵਿੱਚ ਰੰਗ ਦਿੱਤਾ। ਕਵੀ ਦਰਬਾਰ ਦੀ ਸ਼ੁਰੂਆਤ ਮੌਕੇ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਨੇ ਸਮੂਹ ਸਾਹਿਤਕਾਰਾਂ, ਸ਼ਾਇਰਾਂ ਅਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਧੰਨਵਾਦ ਕੀਤਾ।



ਉਨ੍ਹਾਂ ਕਿਹਾ ਕਿ ਲਾਲ ਸਿੰਘ ਦਸੂਹਾ ਨੇ ਆਪਣੀ ਕਲਮ ਰਾਹੀਂ ਪੰਜਾਬੀ ਕਹਾਣੀ ਨੂੰ ਵਿਲੱਖਣ ਪਹਿਚਾਣ ਦਿੱਤੀ ਅਤੇ ਉਨ੍ਹਾਂ ਦੀ ਯਾਦ ਵਿੱਚ ਬਣਿਆ ਇਹ ਮੰਚ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨਾਲ ਜੁੜੇ ਰਚਨਾਕਾਰਾਂ ਨੂੰ ਇੱਕ ਸਾਂਝੇ ਮੰਚ ਉੱਤੇ ਇਕੱਠਾ ਕਰਨ ਲਈ ਨਿਰੰਤਰ ਯਤਨ ਕਰੇਗਾ।

ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣਾ ਮੰਚ ਦਾ ਮੁੱਖ ਉਦੇਸ਼ ਹੈ। ਕਵੀ ਦਰਬਾਰ ਦਾ ਮੰਚ ਸੰਚਾਲਨ ਪ੍ਰਸਿੱਧ ਸ਼ਾਇਰ ਅਮਰਜੀਤ ਖਾਕ ਅਤੇ ਗੁਰਿੰਦਰ ਸਫ਼ਰੀ ਨੇ ਬੜੇ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਦੋਵਾਂ ਸੰਚਾਲਕਾਂ ਨੇ ਆਪਣੀ ਬਾਕਮਾਲ ਪੇਸ਼ਕਾਰੀ ਨਾਲ ਕਵੀ ਦਰਬਾਰ ਨੂੰ ਲਗਾਤਾਰ ਰੌਚਕ ਬਣਾਈ ਰੱਖਿਆ ਅਤੇ ਹਰ ਸ਼ਾਇਰ ਨੂੰ ਆਪਣੀ ਰਚਨਾ ਪੇਸ਼ ਕਰਨ ਲਈ ਸੁਚੱਜਾ ਮੰਚ ਪ੍ਰਦਾਨ ਕੀਤਾ। ਇਸ ਆਨਲਾਈਨ ਕਵੀ ਦਰਬਾਰ ਵਿੱਚ ਮੋਗਾ ਤੋਂ ਤੇ ਦਿਲਸ਼ਾਨ, ਅੰਮ੍ਰਿਤਸਰ ਤੋਂ ਮੈਡਮ ਨੀਲਮ ਭਗਤ, ਹੁਸ਼ਿਆਰਪੁਰ ਤੋਂ ਰਾਜ ਕੁਮਾਰ ਘਾਸੀਪੁਰੀਆਂ, ਪ੍ਰਸਿੱਧ ਗ਼ਜ਼ਲਗੋ ਸਿਮਰ ਜੌਰਾਇਆ, ਹਾਜੀਪੁਰ ਤੋਂ ਜੈਲੀਗੇਰਾ, ਰਾਜਿੰਦਰ ਪੰਨਵਾਂ, ਅਮਰਜੀਤ ਖਾਕ, ਗੁਰਿੰਦਰ ਸਫ਼ਰੀ ਅਤੇ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਸਮੇਤ ਕਈ ਕਵੀਆਂ ਅਤੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ।

ਸਾਰੇ ਰਚਨਾਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬ ਦੀ ਮਿੱਟੀ, ਪੰਜਾਬੀ ਬੋਲੀ, ਪੰਜਾਬੀ ਸੱਭਿਆਚਾਰ, ਮਨੁੱਖੀ ਰਿਸ਼ਤਿਆਂ, ਸਮਾਜਿਕ ਸਰੋਕਾਰਾਂ ਅਤੇ ਸਮੇਂ ਦੀਆਂ ਹਕੀਕਤਾਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਇਆ। ਕਵੀਆਂ ਵੱਲੋਂ ਪੇਸ਼ ਕੀਤੀਆਂ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਨੇ ਸਰੋਤਿਆਂ ਨੂੰ ਕਦੇ ਭਾਵੁਕ ਕੀਤਾ ਤੇ ਕਦੇ ਪੰਜਾਬੀਅਤ ਦੇ ਜਜ਼ਬੇ ਨਾਲ ਭਰ ਦਿੱਤਾ। ਆਨਲਾਈਨ ਮਾਧਿਅਮ ਰਾਹੀਂ ਕਰਵਾਏ ਗਏ ਇਸ ਕਵੀ ਦਰਬਾਰ ਦਾ ਮਕਸਦ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿੱਚ ਵੱਸਦੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇੱਕ ਸਾਂਝੇ ਮੰਚ ਨਾਲ ਜੋੜਨਾ ਵੀ ਸੀ। ਇਸ ਉਪਰਾਲੇ ਨੂੰ ਸਾਹਿਤਕ ਹਲਕਿਆਂ ਵੱਲੋਂ ਇੱਕ ਸਾਰਥਕ ਅਤੇ ਸ਼ਲਾਘਾਯੋਗ ਕਦਮ ਵਜੋਂ ਦੇਖਿਆ ਗਿਆ। ਕਵੀ ਦਰਬਾਰ ਦੌਰਾਨ ਲਾਲ ਸਿੰਘ ਦਸੂਹਾ ਦੀ ਸਾਹਿਤਕ ਵਿਰਾਸਤ ਨੂੰ ਯਾਦ ਕਰਦਿਆਂ ਪੰਜਾਬੀ ਸਾਹਿਤ ਪ੍ਰਤੀ ਉਨ੍ਹਾਂ ਦੀ ਦੇਣ ਨੂੰ ਨਮਨ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਸਾਹਿਤਕਾਰਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੀ ਵਿਚਾਰਧਾਰਕ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਅਜਿਹੇ ਸਾਹਿਤਕ ਸਮਾਗਮਾਂ ਦੀ ਲਗਾਤਾਰ ਲੋੜ ਹੈ।ਅੰਤ ਵਿੱਚ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਦਸੂਹਾ ਵੱਲੋਂ ਕਵੀ ਦਰਬਾਰ ਵਿੱਚ ਸ਼ਾਮਲ ਹੋਏ ਸਮੂਹ ਕਵੀਆਂ, ਸ਼ਾਇਰਾਂ, ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਸਮਰਪਿਤ ਅਜਿਹੇ ਸਾਰਥਕ ਉਪਰਾਲੇ ਜਾਰੀ ਰੱਖੇਗਾ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

# ਡਰਾਈਵਰ ਭਾਈਚਾਰੇ ਨੂੰ ਅੱਖਾਂ ਦੀ ਜਾਂਚ ਅਤੇ ਗੈਰ-ਸੰਚਾਰੀ ਰੋਗਾਂ ਬਾਰੇ ਕੀਤਾ ਜਾਗਰੂਕ

**ਬਠਿੰਡਾ, 21 ਸਤੰਬਰ (ਪੈ.ਗਾਮ-ਏ-ਜਗਤ)**

ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟੈਕਸੀ ਸਟੈਂਡ, ਰੇਲਵੇ ਸਟੇਸ਼ਨ ਨੇੜੇ ਡਰਾਈਵਰ ਭਾਈਚਾਰੇ ਨੂੰ ਅੱਖਾਂ ਦੀ ਸਿਹਤ ਅਤੇ ਗੈਰ-ਸੰਚਾਰੀ ਰੋਗਾਂ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸਿਹਤ ਵਿਭਾਗ ਦੀ ਮਾਸ ਮੀਡੀਆ ਟੀਮ ਵੱਲੋਂ ਡਰਾਈਵਰਾਂ ਨੂੰ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਸਮੇਂ-ਸਮੇਂ 'ਤੇ ਸਿਹਤ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।



ਇਸ ਸਬੰਧੀ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ ਤਪਿੰਦਰਜੋਤ ਨੇ ਦੱਸਿਆ ਕਿ ਡਰਾਈਵਰ ਭਾਈਚਾਰਾ ਸੜਕ ਸੁਰੱਖਿਆ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਲਈ ਉਨ੍ਹਾਂ ਦੀ ਸਿਹਤ ਅਤੇ ਅੱਖਾਂ ਦੀ ਸਹੀ ਜਾਂਚ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਸਿਹਤ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਸਿਹਤ ਸਮੱਸਿਆ ਦੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਸਿਹਤ ਵਿਭਾਗ ਦੀਆਂ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੈਰ-ਸੰਚਾਰੀ ਰੋਗਾਂ ਤੋਂ ਬਚਾਅ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਅਤੇ ਨਿਯਮਿਤ ਸਿਹਤ ਜਾਂਚ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ।

ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਕੇਵਲ ਸਿੰਘ ਅਤੇ ਰੋਹਿਤ ਜਿੰਦਲ ਨੇ ਦੱਸਿਆ ਕਿ ਡਰਾਈਵਰ ਭਾਈਚਾਰੇ ਲਈ ਅੱਖਾਂ ਦੀ ਸਿਹਤ ਬਹੁਤ ਮਹੱਤਵਪੂਰਨ ਹੈ, ਕਿਉਂਕਿ ਸੜਕ 'ਤੇ ਵਾਹਨ ਚਲਾਉਂਦੇ ਸਮੇਂ ਸਾਫ਼ ਦ੍ਰਿਸ਼ਟੀ ਅਤੇ ਸਾਵਧਾਨੀ ਸੜਕ ਸੁਰੱਖਿਆ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਸਾਫ਼ ਦ੍ਰਿਸ਼ਟੀ ਨਾ ਹੋਣ ਕਾਰਨ ਸੜਕ 'ਤੇ ਵਾਹਨ ਚਲਾਉਂਦੇ ਸਮੇਂ ਹਾਦਸਿਆਂ ਦਾ ਖ਼ਤਰਾ ਵੱਧ ਸਕਦਾ ਹੈ। ਇਸ ਲਈ ਡਰਾਈਵਰਾਂ ਨੂੰ ਆਪਣੀ ਨਜ਼ਰ ਦੀ ਜਾਂਚ ਕਰਵਾਉਣ ਦੇ ਨਾਲ-ਨਾਲ ਅੱਖਾਂ ਦੀ ਸਿਹਤ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਲੰਬੇ ਸਮੇਂ ਤੱਕ ਵਾਹਨ ਚਲਾਉਣ ਨਾਲ ਅੱਖਾਂ ਵਿੱਚ ਥਕਾਵਟ, ਜਲਣ, ਪਾਣੀ ਆਉਣਾ ਅਤੇ ਧੁੰਦਲਾ ਦਿਖਾਈ ਦੇਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਅਜਿਹੇ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਸਗੋਂ ਸਮੇਂ ਸਿਰ ਅੱਖਾਂ ਦੇ ਮਾਹਿਰ ਡਾਕਟਰ ਨਾਲ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਲਖਵਿੰਦਰ ਸਿੰਘ ਕੈਂਥ ਨੇ ਡਰਾਈਵਰ ਭਾਈਚਾਰੇ ਨੂੰ ਗੈਰ-ਸੰਚਾਰੀ ਰੋਗਾਂ ਜਿਵੇਂ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੇ ਰੋਗ ਅਤੇ ਕੈਂਸਰ ਵਰਗੇ ਰੋਗਾਂ ਦੇ ਕਾਰਨਾਂ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ। ਉਹਨਾਂ ਦੱਸਿਆ ਕਿ ਲੰਬੇ ਸਮੇਂ ਤੱਕ ਬੈਠੇ ਰਹਿਣਾ, ਸਰੀਰਕ ਗਤੀਵਿਧੀਆਂ ਦੀ ਘਾਟ, ਗੈਰ-ਸਿਹਤਮੰਦ ਖੁਰਾਕ, ਤੰਬਾਕੂਨੋਸ਼ੀ ਅਤੇ ਤਣਾਅ ਸਿਹਤ 'ਤੇ ਮਾੜਾ ਪ੍ਰਭਾਵ ਪਾ ਸਕਦੇ ਹਨ। ਉਨ੍ਹਾਂ ਨੇ ਡਰਾਈਵਰਾਂ ਨੂੰ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਲੈਣ, ਨਿਯਮਿਤ ਸਰੀਰਕ ਕਸਰਤ ਕਰਨ, ਤੰਬਾਕੂਨੋਸ਼ੀ ਤੋਂ ਦੂਰ ਰਹਿਣ ਅਤੇ ਬਲੱਡ ਪ੍ਰੈਸ਼ਰ ਤੇ ਬਲੱਡ ਸ਼ੂਗਰ ਦੀ ਸਮੇਂ-ਸਮੇਂ 'ਤੇ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ।

# ਗਣੇਸ਼ ਮਹਾ ਉਤਸਵ ਤੇ ਛੇਵੇਂ ਦਿਨ ਰਾਧਾ ਅਸ਼ਟਮੀ ਬੜੀ ਧੂਮ ਧਾਮ ਨਾਲ ਮਨਾਈ ਗਈ : ਸਤਨਾਮ ਹਸੀਜਾ

**ਚੰਡੀਗੜ੍ਹ, 21 ਸਤੰਬਰ (ਪੈ.ਗਾਮ-ਏ-ਜਗਤ)**

ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਅਤੇ ਭਗਤਾਂ ਦੇ ਸਹਿਯੋਗ ਨਾਲ 14—09—2026 ਨੂੰ ਗਣੇਸ਼ ਚੁਤਰਥੀ ਵਾਲੇ ਦਿਨ ਗਣਪਤੀ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਵਿਧੀ ਵਿਧਾਨ ਅਤੇ ਪੂਜਾ ਕਰਨ ਉਪਰੰਤ ਸਥਾਪਿਤ ਕੀਤੇ ਸਨ। ਜਿਹੜੇ ਕਿ ਮਿਤੀ 25—09—2026 ਨੂੰ 12:00 ਵਜੇ ਦੁਪਹਿਰ ਕੀਰਤਨ ਉਪਰੰਤ ਕੜੀ ਚਾਵਲਾਂ ਅਤੇ ਲੱਡੂਆਂ ਦਾ ਅਤੁੱਟ ਲੰਗਰ ਵਰਤਾਉਣ ਉਪਰੰਤ ਜਲ ਪ੍ਰਵਾਹ ਕਰਨ ਵਾਸਤੇ ਲਿਜਾਇਆ ਜਾਵੇਗਾ।



ਗਣਪਤੀ ਸ਼ੋਭਾ ਯਾਤਰਾ ਦੇ ਰੂਪ ਵਿੱਚ ਮੰਦਿਰ ਤੋਂ ਨਿਕਲੇਗੀ ਇਸ ਨੂੰ ਰਵਾਨਗੀ ਦੀ ਹਰੀ ਝੰਡੀ ਸ਼ਹਿਰ ਦੇ ਮੇਅਰ ਸ੍ਰੀ ਕੁੰਦਨ ਗੋਗੀਆ ਅਤੇ 32 ਨੰਬਰ ਵਾਰਡ ਦੇ ਐਮ.ਸੀ. ਰਣਜੀਤ ਸਿੰਘ ਚੰਡੋਕ ਅਤੇ ਸੰਗਤਾਂ ਦੇ ਸਹਿਯੋਗ ਨਾਲ ਰਵਾਨਾ ਹੋਵੇਗੀ। ਰਾਧਾ ਅਸ਼ਟਮੀ ਦੇ ਮੌਕੇ ਸੰਸਥਾਪਕ ਸਤਨਾਮ ਹਸੀਜਾ ਦੇ ਪਰਿਵਾਰ ਵਲੋਂ ਰਾਧਾ ਰਾਣੀ ਨੂੰ ਉਸ ਦੀ ਮਨ ਭਾਵਕ ਸਬਜੀ ਅਰਬੀ ਦੀ ਅਤੇ ਖੀਰ ਪੂੜੇ ਦਾ ਪ੍ਰਸ਼ਾਦ ਲਗਵਾਇਆ ਗਿਆ ਇਸ ਉਪਰੰਤ ਭਗਤਾਂ ਵਿੱਚ ਲੰਗਰ ਵਰਤਾਇਆ ਗਿਆ। ਇਸ ਦੌਰਾਨ ਰਾਧਾ ਰਾਣੀ ਦੀਆਂ 8 ਸਖੀਆਂ ਦਾ ਸੁਆਗਤ ਕੀਤਾ ਗਿਆ ਅਤੇ ਸਨਮਾਨਿਤ ਵੀ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼ਿਵ ਮੰਡਲੀ ਨੇ ਰਾਧਾ ਰਾਣੀ ਦੇ ਭਜਨ ਕੀਰਤਨ ਕੀਤਾ ਖਾਸ ਕਰਕੇ ਬਰਸਾਨੇ ਵਾਲੀ ਰਾਧਾ ਅਤੇ ਰਾਧੇ ਰਾਧੇ ਸਿਆਮ ਮਿਲਾਦੇ ਭਜਨ ਕੀਤੇ ਗਏ ਅਤੇ ਭਜਨ ਕੀਰਤਨ ਮੌਕੇ ਸੰਗਤਾਂ ਝੂਮ ਉੱਠੀਆਂ। ਸਾਰਿਆਂ ਨੇ ਅਰਬੀ, ਖੀਰ ਪੂੜੇ ਅਤੇ ਤੰਦੂਰੀ ਰੋਟੀ ਖਾ ਕੇ ਅਨੰਦ ਮਾਣਿਆ।

# ਪਿੰਡ ਹਬੀਬ ਵਾਲਾ ਵਿਖੇ ਇਕਾਈ ਦਾ ਕੀਤਾ ਗਿਆ ਗਠਨ

**ਪੈ.ਗਾਮ-ਏ-ਜਗਤ/ਮਮਦੋਟ 21 ਸਤੰਬਰ (ਗੁਰਮੇਜ ਸਿੰਘ)**

ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ ਤਹਿਤ ਜਿਲਾ ਫਿਰੋਜ਼ਪੁਰ ਦੇ ਪੱਛਮੀ ਪ੍ਰਧਾਨ ਗੁਰਦੀਪ ਸਿੰਘ ਬੁਰਜੀ ਦੀ ਅਗਵਾਈ ਹੇਠ ਕਿਸਾਨੀ ਮਸਲਿਆ ਨੂੰ ਲੈਕੇ ਪਿੰਡ ਹਬੀਬ ਵਾਲਾ ਵਿੱਖੇ ਵੀ ਇਕਾਈ ਦਾ ਗਠਨ ਕੀਤਾ ਗਿਆ। ਪਿੰਡ ਦੀ ਇਕਾਈ ਦਾ ਪ੍ਰਧਾਨ ਗੁਰਦੀਪ ਸਿੰਘ ਨੂੰ ਲਗਾਇਆ ਗਿਆ, ਔਰਤਾ ਵਿੱਚ ਪ੍ਰੇਮ ਕੌਰ ਨੂੰ ਪਿੰਡ ਦੀ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪਿੰਡ ਦੀਆ ਦੋ ਇਕਾਈਆ ਦਾ ਗਠਨ ਕੀਤਾ ਗਿਆ ਤਾਂ ਜ਼ੋ ਪਿੰਡ ਲੈਵਲ ਤੇ ਕਿਸਾਨਾਂ ਨੂੰ ਮਜਬੂਤ ਕੀਤਾ ਜਾ ਸਕੇ ਅਤੇ ਕਿਸਾਨੀ ਮਸਲਿਆ ਨੂੰ ਲੈਕੇ ਸਰਕਾਰ ਅਤੇ ਪ੍ਰਸ਼ਾਸਨ ਨਾਲ ਮਜਬੂਤੀ ਨਾਲ ਲੜਿਆ ਜਾਵੇ ਤੇ ਕਿਸਾਨੀ ਮਸਲਿਆ ਨੂੰ ਹੱਲ ਕਰਵਾਇਆ ਜਾਵੇ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਵੀਰ ਸਿੰਘ ਬੁਰਜੀ, ਸੀਨੀਅਰ ਮੀਤ ਪ੍ਰਧਾਨ ਹਰਮੇਲ ਸਿੰਘ ਰੁਹੇਲਾ ਹਾਜੀ, ਸੁਰਜੀਤ ਸਿੰਘ ਚੱਕ ਰਾਉ ਕੇ ਬਲਾਕ ਪ੍ਰਧਾਨ ਮਮਦੋਟ, ਬਲਾਕ ਗੁਰੂਹਰਸਹਾਏ ਦੇ ਪ੍ਰਧਾਨ ਸੋਨਾ ਸਿੰਘ ਚੱਕ ਕੱਧੇ ਸ਼ਾਹ,ਇਕਾਈ ਪ੍ਰਧਾਨ ਮਨਜੀਤ ਸਿੰਘ ਚੱਕ ਕੰਧੇ ਸ਼ਾਹ, ਬਲਵਿੰਦਰ ਸਿੰਘ ਇਕਾਈ ਪ੍ਰਧਾਨ ਪਿੰਡ ਭੰਬਾ ਹਾਜੀ, ਜੋਗਿੰਦਰ ਸਿੰਘ ਇਕਾਈ ਪ੍ਰਧਾਨ ਪਿੰਡ ਗੰਦੂ ਕਿਲਚਾ, ਅਮਰੀਕ ਸਿੰਘ ਇਕਾਈ ਪ੍ਰਧਾਨ ਪਿੰਡ ਤਰਾ ਵਾਲੀ, ਜਗਵਿੰਦਰ ਸਿੰਘ ਇਕਾਈ ਪ੍ਰਧਾਨ ਪਿੰਡ ਚੱਕ ਰਾਉ ਕੇ ਤੇ ਅਮਰੀਕ ਸਿੰਘ ਰਾਏਪੁਰ ਗੁਜਰਾ ਆਦਿ ਹਾਜਰ ਸਨ।



# ਗੁਰਦੁਆਰਾ ਅੰਗੀਠਾ ਸਾਹਿਬ ਨੱਥਵਾਂ ਵਿਖੇ ਮੁ.ਫਤ ਡਾਈਟ ਕੈਂਪ ਦੀ ਹੋਈ ਸਮਾਪਤੀ

**ਪੈਗਾਮ-ਏ-ਜਗਤ ਰਤੀਆ, 21 ਸਤੰਬਰ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)**

ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗੀਠਾ ਸਾਹਿਬ ਨੱਥਵਾਂ ਵਿਖੇ ਜਿੱਥੇ ਮਨ ਦੀ ਸ਼ੁੱਧੀ ਲਈ ਸਮੇਂ-ਸਮੇਂ ਨਾਮ ਸਿਮਰਨ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ, ਉੱਥੇ ਸਰੀਰਕ ਬਿਮਾਰੀਆਂ ਅਤੇ ਰੋਗਾਂ ਤੋਂ ਬਚਾਅ ਲਈ ਕੁਦਰਤੀ ਡਾਈਟ ਦਾ ਮੁ.ਫਤ ਪ੍ਰੋਗਰਾਮ 14 ਸਤੰਬਰ ਤੋਂ ਆਰੰਭ ਕੀਤਾ ਗਿਆ ਸੀ ਜਿਸ ਦੀ ਐਤਵਾਰ ਨੂੰ ਸਮਾਪਤੀ ਕੀਤੀ ਗਈ। ਇਸ ਡਾਈਟ ਪਲਾਨ ਬਾਰੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਦੱਸਿਆ ਗੁਰਦੁਆਰਾ ਸਾਹਿਬ ਵਿੱਚ ਨਾਮ ਸਿਮਰਨ ਸਮਾਰੋਹ ਦੇ ਨਾਲ-ਨਾਲ ਡਾਈਟ ਪਲਾਨ ਦੇ ਜ਼ਰੀਏ ਕੁਦਰਤੀ ਤੌਰ 'ਤੇ ਫਲ ਅਤੇ ਸਬਜ਼ੀਆਂ ਦੁਆਰਾ ਰੋਗਾਂ ਅਤੇ ਬਿਮਾਰੀਆਂ ਤੋਂ ਬਚਾਅ ਸਬੰਧੀ ਕਾਫੀ ਲੋਕ ਹਰ ਮਹੀਨੇ ਫਾਇਦਾ ਉਠਾ ਰਹੇ ਹਨ ਅਤੇ ਸਤੰਬਰ ਮਹੀਨੇ ਵਿੱਚ ਫਿਰ ਤੋਂ 14 ਤੋਂ 20 ਸਤੰਬਰ ਲਈ ਡਾਈਟ ਪਲਾਨ ਕੈਂਪ ਸਵੇਰੇ 9 ਤੋਂ 6 ਵਜੇ ਚਲਾਇਆ ਗਿਆ। ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਉਨ੍ਹਾਂ ਲੋਕਾਂ ਦੀ ਫੀਡਬੈਕ ਲਈ ਗਈ ਜਿਨ੍ਹਾਂ ਨੂੰ ਕਿਸ ਰੋਗ ਤੋਂ ਕੀ-ਕੀ ਫਾਇਦਾ ਪਹੁੰਚਿਆ। ਉੱਥੇ ਸੇਵਾਦਾਰਾਂ ਨੇ ਦੱਸਿਆ ਕਿ ਅਕਤੂਬਰ ਦੇ ਮਹੀਨੇ ਵਿੱਚ ਫਿਰ ਡਾਈਟ ਕੈਂਪ ਲਗਾਇਆ ਜਾਵੇਗਾ ਜਿਸ ਦਾ ਇਲਾਕਾ ਵਾਸੀ ਵੱਧ ਚੜ੍ਹ ਕੇ ਲਾਭ ਉਠਾ ਸਕਦੇ ਹਨ।

**ਇਲਾਕਾ ਵਾਸੀਆਂ ਨੇ ਵੱਧ ਚੜ੍ਹ ਕੇ ਉਠਾਇਆ ਲਾਭ**



# ਗਿਆਨਦੀਪ ਮੰਚ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ

**ਪਟਿਆਲਾ, 21 ਸਤੰਬਰ (ਪੈ.ਗਾਮ-ਏ-ਜਗਤ)**

ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਮਿਤੀ 20/09/26 (ਐਤਵਾਰ) ਨੂੰ ਕਰਵਾਇਆ ਗਿਆ ਜਿਸ ਵਿੱਚ ਪਟਿਆਲਾ ਅਤੇ ਵੱਖ ਵੱਖ-ਵੱਖ ਸ਼ਹਿਰਾਂ ਤੋਂ ਨਾਮਵਰ ਕਵੀਆਂ ਅਤੇ ਵਿਦਵਾਨਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਗਿਆਨਦੀਪ ਮੰਚ ਦੇ ਮੀਤ ਪ੍ਰਧਾਨ ਬਚਨ ਸਿੰਘ ਗੁਰਮ ਜੀ ਨੇ ਕੀਤੀ। ਵਿਸ਼ੇਸ਼ ਮਹਿਮਾਨਾਂ ਵਜੋਂ ਬਹੁਪੱਖੀ ਲੇਖਕ ਅਤੇ ਸ਼ਾਇਰ ਸੁਖਮਿੰਦਰ ਸੇਖੋਂ ਅਤੇ ਵਿਦਵਾਨ ਲੇਖਕ ਡਾ.ਰਵੀ ਭੂਸ਼ਨ ਸਿੰਗਲਾ ਜੀ ਨੇ ਸ਼ਿਰਕਤ ਕੀਤੀ।



ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਗਿਆਨਦੀਪ ਮੰਚ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਹਾਜ਼ਰ ਸ਼ਾਇਰਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਗਿਆਨਦੀਪ ਮੰਚ ਦੇ ਮੀਤ ਪ੍ਰਧਾਨ ਬਚਨ ਸਿੰਘ ਗੁਰਮ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ। ਗਿਆਨਦੀਪ ਮੰਚ ਦੇ ਸੰਯੁਕਤ ਸਕੱਤਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚੋਂ ਸੁਖਮਿੰਦਰ ਸੇਖੋਂ, ਡਾ. ਰਵੀ ਭੂਸ਼ਨ ਸਿੰਗਲਾ, ਪਰਮਿੰਦਰ ਸ਼ੋਖ, ਬਚਨ ਸਿੰਘ ਗੁਰਮ, ਕੁਲਵੰਤ ਸਿੰਘ ਸੈਦੋਕੇ,ਦਰਸ਼ਨ ਸਿੰਘ ਦਰਸ਼ ਪਸਿਆਣਾ,ਗੁਰਪ੍ਰੀਤ ਸਿੰਘ ਢਿੱਲੋਂ,ਕੁਲਦੀਪ ਕੌਰ ਧੰਜੂ, ਜਸਵਿੰਦਰ ਸਿੰਘ ਖਾਰਾ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ,ਰਾਮ ਸਿੰਘ ਬੰਗ, ਸੁਰਿੰਦਰ ਕੌਰ ਬਾੜਾ, ਜਸਵਿੰਦਰ ਕੌਰ, ਦਵਿੰਦਰ ਪਟਿਆਲਵੀ, ਰਾਜਬੀਰ ਸਿੰਘ ਮੱਲ੍ਹੀ, ਬਜਿੰਦਰ ਠਾਕੁਰ,ਵਿਜੇ ਕੁਮਾਰ, ਡਾ. ਮਨੋਜ ਫਗਵਾੜਵੀ, ਅੰਗਰੇਜ਼ ਵਿਰਕ,ਹਰਜੀਤ ਕੌਰ, ਕ੍ਰਿਸ਼ਨ ਧੀਮਾਨ, ਹਰਿੰਦਰ ਕੌਰ ਪੋਲੀ ਬਰਾੜ, ਰਾਜੇਸ਼ਵਰ ਕੁਮਾਰ, ਨਵਪ੍ਰੀਤ ਸਿੰਘ, ਜੱਗਾ ਰੰਗੂਵਾਲ ਅਤੇ ਜਗਤਾਰ ਨਿਮਾਣਾ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਦਿਲਜੀਤ ਕੌਰ, ਮਨਜੀਤ ਕੌਰ ਅਤੇ ਦਮਨਪ੍ਰੀਤ ਕੌਰ ਵੀ ਹਾਜ਼ਰ ਰਹੇ ਫ਼ੋਟੋਗ੍ਰਾਫੀ ਦੇ ਫਰਜ਼ ਦਰਸ਼ ਪਸਿਆਣਾ ਵੱਲੋਂ ਬਾਖੂਬੀ ਨਿਭਾਏ ਗਏ।

# ਲਾਇੰਸ ਕਲੱਬ ਦੇ ਅਹੁਦੇਦਾਰਾਂ ਨੇ ਵਿਦਿਆਰਥਣਾਂ ਨਾਲ ਮਨਾਇਆ ਬੱਚਿਆਂ ਦਾ ਜਨਮ ਦਿਨ

**ਪੈਗਾਮ-ਏ-ਜਗਤ ਰਤੀਆ, 21 ਸਤੰਬਰ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)**

- ਲਾਇੰਸ ਕਲੱਬ ਦੇ ਸਾਬਕਾ ਪ੍ਰਧਾਨ ਹਰਵੀਰ ਜੋੜਾ ਅਤੇ ਲਾਇੰਸ ਸ਼ਿਵ ਕੁਮਾਰ ਗਰਗ ਨੇ ਹੋਸਟਲ ਲਈ ਅਲਮਾਰੀਆਂ ਭੇਟ ਕੀਤੀਆਂ



ਲਾਇੰਸ ਕਲੱਬ ਦੇ ਅਹੁਦੇਦਾਰਾਂ ਨੇ ਆਪਣੇ ਬੱਚਿਆਂ ਦਾ ਜਨਮ ਦਿਨ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਖਾਈ ਵਿੱਚ ਸਿੱਖਿਆ ਗ੍ਰਹਿਣ ਕਰ ਰਹੀਆਂ ਵਿਦਿਆਰਥਣਾਂ ਨਾਲ ਮਨਾਇਆ। ਇਸ ਮੌਕੇ ਸਕੂਲ ਕੰਪਲੈਕਸ ਵਿੱਚ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਸਮਾਰੋਹ ਵਿੱਚ ਲਾਇੰਸ ਕਲੱਬ 321-31 ਦੇ ਜ਼ਿਲ੍ਹਾ ਸਕੱਤਰ ਲਾਇੰਸ ਸ਼ਿਵ ਸੋਨੀ ਨੇ ਆਪਣੀ ਬੇਟੀ ਆਸਥਾ ਮਿਘਲਾਨੀ ਦਾ ਜਨਮ ਦਿਨ ਵਿਦਿਆਰਥਣਾਂ ਨਾਲ ਮਨਾਇਆ। ਇਸੇ ਤਰ੍ਹਾਂ ਲਾਇੰਸ ਕਲੱਬ ਰਤੀਆ ਸਿਟੀ ਦੇ ਸਾਬਕਾ ਪ੍ਰਧਾਨ ਲਾਇੰਸ ਹਰਵੀਰ ਜੋੜਾ ਦੇ ਪੁੱਤਰ ਅਮਨ ਜੋੜਾ ਦਾ ਜਨਮ ਦਿਨ ਵੀ ਸਕੂਲ ਦੀਆਂ ਵਿਦਿਆਰਥਣਾਂ ਨਾਲ ਮਨਾਇਆ ਗਿਆ। ਦੋਵਾਂ ਪਰਿਵਾਰਾਂ ਨੇ ਵਿਦਿਆਰਥਣਾਂ ਨਾਲ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਮਿਠਾਈ ਵੰਡੀ।

ਇਸ ਮੌਕੇ ਲਾਇੰਸ ਸ਼ਿਵ ਸੋਨੀ ਨੇ ਕਿਹਾ ਕਿ ਸਕੂਲ ਦੀਆਂ ਵਿਦਿਆਰਥਣਾਂ ਨਾਲ ਬੱਚਿਆਂ ਦਾ ਜਨਮ ਦਿਨ ਮਨਾਉਣ ਨਾਲ ਉਨ੍ਹਾਂ ਨੂੰ ਇੱਕ ਵੱਡੇ ਪਰਿਵਾਰ ਦਾ ਅਹਿਸਾਸ ਹੁੰਦਾ ਹੈ। ਇਸ ਤਰ੍ਹਾਂ ਲੋੜਵੰਦ ਅਤੇ ਵਾਂਝੇ ਵਰਗ ਦੇ ਬੱਚਿਆਂ ਨਾਲ ਖ਼ੁਸ਼ੀਆਂ ਸਾਂਝੀਆਂ ਕਰਨ ਨਾਲ ਖ਼ੁਸ਼ੀ ਕਈ ਗੁਣਾ ਵੱਧ ਜਾਂਦੀ ਹੈ। ਲਾਇੰਸ ਕਲੱਬ ਰਤੀਆ ਸਿਟੀ ਦੇ ਸਾਬਕਾ ਪ੍ਰਧਾਨ ਹਰਵੀਰ ਜੋੜਾ ਅਤੇ ਸਮਾਜ ਸੇਵੀ ਲਾਇੰਸ ਸ਼ਿਵ ਕੁਮਾਰ ਗਰਗ ਨੇ ਸਕੂਲ ਦੇ ਹੋਸਟਲ ਵਿੱਚ ਵਿਦਿਆਰਥਣਾਂ ਦੀ ਸਹੂਲਤ ਲਈ ਅਲਮਾਰੀਆਂ ਭੇਟ ਕੀਤੀਆਂ। ਸਕੂਲ ਪ੍ਰਬੰਧਨ ਅਤੇ ਸਟਾਫ ਨੇ ਇਸ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸਮਾਰੋਹ ਦਾ ਮੰਚ ਸੰਚਾਲਨ ਸਾਹਿਤਕਾਰ ਡਾ. ਨਾਇਬ ਸਿੰਘ ਮੰਡੇਰ ਨੇ ਕੀਤਾ, ਜਦਕਿ ਸਕੂਲ ਦੇ ਪ੍ਰਿੰਸੀਪਲ ਅਵਨੀਸ਼ ਗਰਗ ਨੇ ਸਾਰੇ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਪਾਲਿਕਾ ਦੇ ਸਾਬਕਾ ਪ੍ਰਧਾਨ ਲਾਇੰਸ ਵਿਜੇ ਗਰੋਵਰ, ਵਾਰਡਨ ਮਹੇਸ਼ੀ, ਚਰਨਜੀਤ ਸਿੰਘ, ਸੋਨੂੰ ਗਰਗ, ਘਣਸ਼ਿਆਮ ਨਾਪਾ, ਸੁਨੀਤਾ ਮੋਂਗਾ, ਸਰਿਤਾ, ਸੀਮਾ ਰਾਣੀ, ਰੁਪਿੰਦਰ ਕੌਰ, ਨਿਸ਼ਾ ਰਾਣੀ ਸਮੇਤ ਸਕੂਲ ਦਾ ਸਟਾਫ ਅਤੇ ਲਾਇੰਸ ਕਲੱਬ ਦੇ ਮੈਂਬਰ ਹਾਜ਼ਰ ਰਹੇ।

# ਪ੍ਰਾਈਵੇਟ ਬੱਸ ਸੰਚਾਲਕ ਕਰਦੇ ਹਨ ਮਨਮਾਨੀ, ਬਜ਼ੁਰਗਾਂ ਨੂੰ ਨਹੀਂ ਦਿੰਦੇ ਅੱਧੀ ਟਿਕਟ : ਸਚਿਨ ਜੈਨ

**ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)**

- ਸਰਕਾਰ ਅਚਾਨਕ ਨਿਰੀਖਣ ਕਰਕੇ ਮਨਮਾਨੀ ਕਰਨ ਵਾਲੇ ਡਰਾਈਵਰ-ਕੰਡਕਟਰਾਂ 'ਤੇ ਕਰੇ ਕਾਰਵਾਈ



ਆਮ ਆਦਮੀ ਪਾਰਟੀ ਦੇ ਯੁਵਾ ਸੂਬਾ ਉਪ ਪ੍ਰਧਾਨ ਸਚਿਨ ਜੈਨ ਨੇ ਪ੍ਰਾਈਵੇਟ ਬੱਸਾਂ ਵਿੱਚ ਬਜ਼ੁਰਗ ਯਾਤਰੀਆਂ ਨੂੰ ਅੱਧਾ ਕਿਰਾਇਆ ਨਾ ਦਿੱਤੇ ਜਾਣ ਦਾ ਦੋਸ਼ ਲਾਉਂਦਿਆਂ ਸੂਬਾ ਸਰਕਾਰ ਤੋਂ ਇਸ ਮਾਮਲੇ ਵਿੱਚ ਸਪੱਸ਼ਟ ਸਥਿਤੀ ਸਾਹਮਣੇ ਰੱਖਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਕਿਰਾਏ ਵਿੱਚ ਛੋਟ ਦਾ ਪ੍ਰਬੰਧ ਹੈ, ਤਾਂ ਉਸਦਾ ਲਾਭ ਸਾਰੇ ਯੋਗ ਬਜ਼ੁਰਗ ਯਾਤਰੀਆਂ ਨੂੰ ਮਿਲਣਾ ਚਾਹੀਦਾ ਹੈ।

ਸਚਿਨ ਜੈਨ ਨੇ ਕਿਹਾ ਕਿ ਸਰਕਾਰ ਪਹਿਲਾਂ ਇਹ ਸਪੱਸ਼ਟ ਕਰੇ ਕਿ ਪ੍ਰਾਈਵੇਟ ਬੱਸਾਂ ਵਿੱਚ ਬਜ਼ੁਰਗ ਯਾਤਰੀਆਂ ਲਈ ਅੱਧੇ ਕਿਰਾਏ ਦੀ ਸਹੂਲਤ ਲਾਗੂ ਹੈ ਜਾਂ ਨਹੀਂ। ਜੇਕਰ ਇਹ ਸਹੂਲਤ ਮਾਨਤਾ ਪ੍ਰਾਪਤ ਹੈ, ਤਾਂ ਸਾਰੀਆਂ ਪ੍ਰਾਈਵੇਟ ਬੱਸਾਂ ਦੇ ਅੰਦਰ ਅਤੇ ਬਾਹਰ ਸਪੱਸ਼ਟ ਤੌਰ 'ਤੇ ਅਜਿਹੇ ਪੋਸਟਰ ਲਗਾਏ ਜਾਣੇ ਚਾਹੀਦੇ ਹਨ, ਜਿਨ੍ਹਾਂ 'ਤੇ ਬਜ਼ੁਰਗਾਂ ਨੂੰ ਮਿਲਣ ਵਾਲੀ ਕਿਰਾਇਆ ਛੋਟ ਦੀ ਜਾਣਕਾਰੀ ਲਿਖੀ ਹੋਵੇ। ਇਸ ਨਾਲ ਯਾਤਰੀਆਂ ਨੂੰ ਆਪਣੇ ਅਧਿਕਾਰ ਅਤੇ ਉਪਲਬਧ ਸਹੂਲਤ ਬਾਰੇ ਜਾਣਕਾਰੀ ਮਿਲ ਸਕੇਗੀ।

ਉਨ੍ਹਾਂ ਨੇ ਦੋਸ਼ ਲਾਇਆ ਕਿ ਕਈ ਵਾਰ ਬਜ਼ੁਰਗ ਯਾਤਰੀਆਂ ਨੂੰ ਬੱਸ ਕੰਡਕਟਰਾਂ ਦੀ ਮਨਮਾਨੀ ਕਾਰਨ ਨਿਰਧਾਰਤ ਛੋਟ ਦਾ ਲਾਭ ਨਹੀਂ ਮਿਲ ਪਾਉਂਦਾ। ਅਜਿਹੇ ਵਿੱਚ ਬਜ਼ੁਰਗਾਂ ਨੂੰ ਪੂਰੀ ਟਿਕਟ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਜੈਨ ਨੇ ਕਿਹਾ ਕਿ ਸਰਕਾਰ ਵੱਲੋਂ ਬਜ਼ੁਰਗਾਂ ਲਈ ਜੋ ਵੀ ਸਹੂਲਤਾਂ ਨਿਰਧਾਰਤ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਜ਼ਮੀਨੀ ਪੱਧਰ 'ਤੇ ਪਾਲਣ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।

ਸਚਿਨ ਜੈਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਮੇਂ-ਸਮੇਂ 'ਤੇ ਪ੍ਰਾਈਵੇਟ ਬੱਸਾਂ ਦਾ ਅਚਾਨਕ ਨਿਰੀਖਣ ਕੀਤਾ ਜਾਵੇ।

ਨਿਰੀਖਣ ਦੌਰਾਨ ਇਹ ਜਾਂਚ ਕੀਤੀ ਜਾਵੇ ਕਿ ਬੱਸ ਸੰਚਾਲਕ ਅਤੇ ਕੰਡਕਟਰ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ। ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ ਸਬੰਧਤ ਡਰਾਈਵਰ-ਕੰਡਕਟਰ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਕਾਗਜ਼ਾਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਯੋਗ ਲੋਕਾਂ ਤੱਕ ਉਸਦਾ ਅਸਲ ਲਾਭ ਪਹੁੰਚਣਾ ਚਾਹੀਦਾ ਹੈ। ਬਜ਼ੁਰਗ ਯਾਤਰੀਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ, ਇਸ ਲਈ ਸਰਕਾਰ ਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਕੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਚਾਹੀਦੀ ਹੈ।

# ਉਦਿਆਨ ਮੇਲਾ ਅਤੇ ਹੌਰਟੀ ਐਕਸਪੋ ਵਿੱਚ ਲੁਵਾਸ ਨੂੰ ਸਰਵੋਤਮ ਸਟਾਲ ਸ਼੍ਰੇਣੀ ਵਿੱਚ ਇਨਾਮ

**ਪੈ.ਗਾਮ-ਏ-ਜਗਤ ਹਿਸਾਰ (ਦਿਨਕਰ ਗਾਵੜੀ)**

ਮਹਾਰਾਣਾ ਪ੍ਰਤਾਪ ਉਦਿਆਨਿਕੀ ਯੂਨੀਵਰਸਿਟੀ, ਕਰਨਾਲ ਵੱਲੋਂ ਆਯੋਜਿਤ ਉਦਿਆਨ ਮੇਲਾ ਅਤੇ ਹੌਰਟੀ ਐਕਸਪੋ-2026 ਵਿੱਚ ਲਾਲਾ ਲਾਜਪਤ ਰਾਏ ਪਸ਼ੂ ਚਿਕਿਤਸਾ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ (ਲੁਵਾਸ), ਹਿਸਾਰ ਦੇ ਸਟਾਲ ਨੂੰ ਸਰਵੋਤਮ ਸਟਾਲ ਸ਼੍ਰੇਣੀ ਵਿੱਚ ਇਨਾਮ ਨਾਲ ਸਨਮਾਨਿਤ ਕੀਤਾ ਗਿਆ।




ਇਹ ਪ੍ਰਾਪਤੀ ਯੂਨੀਵਰਸਿਟੀ ਦੇ ਕੁਲਪਤੀ ਪ੍ਰੋ. ਡਾ. ਵਿਨੋਦ ਕੁਮਾਰ ਵਰਮਾ ਦੀ ਦੂਰਅੰਦੇਸ਼ੀ ਅਗਵਾਈ ਅਤੇ ਮਾਰਗਦਰਸ਼ਨ ਅਤੇ ਡਾ. ਗੌਤਮ, ਨਿਰਦੇਸ਼ਕ, ਵਿਸਥਾਰ ਸਿੱਖਿਆ, ਲੁਵਾਸ ਅਤੇ ਡਾ. ਅਨੀਤਾ ਗਾਂਗੁਲੀ, ਖੇਤਰੀ ਨਿਰਦੇਸ਼ਕ, ਹਰਿਆਣਾ ਪਸ਼ੂ ਵਿਗਿਆਨ ਕੇਂਦਰ, ਕਰਨਾਲ ਦੇ ਮਾਰਗਦਰਸ਼ਨ ਵਿੱਚ ਲੁਵਾਸ ਵੱਲੋਂ ਐਕਸਪੋ ਵਿੱਚ ਪ੍ਰਭਾਵਸ਼ਾਲੀ ਭਾਗੀਦਾਰੀ ਦਾ ਨਤੀਜਾ ਰਹੀ। ਲੁਵਾਸ ਦੀ ਇਸ ਭਾਗੀਦਾਰੀ ਦਾ ਤਾਲਮੇਲ ਡਾ. ਸੁਜੈ ਖੰਨਾ ਵੱਲੋਂ ਕੀਤਾ ਗਿਆ।

ਐਕਸਪੋ ਦੌਰਾਨ ਡਾ. ਬਿਸਵ ਰੰਜਨ ਮਹਾਰਾਣਾ, ਡਾ. ਸਵਾਤੀ ਰੁਹਿਲ, ਡਾ. ਸੰਦੀਪ ਪੋਤਲੀਆ, ਡਾ. ਅੰਕਿਤ ਕੁਮਾਰ ਅਤੇ ਡਾ. ਸੁਜੈ ਖੰਨਾ ਨੇ ਕਿਸਾਨਾਂ ਨੂੰ ਪਸ਼ੂਆਂ ਵਿੱਚ ਰੋਗਾਂ ਦੀ ਰੋਕਥਾਮ, ਪਸ਼ੂ ਸਿਹਤ ਪ੍ਰਬੰਧਨ, ਵਿਗਿਆਨਕ ਪਸ਼ੂ ਪਾਲਣ ਅਤੇ ਬਿਹਤਰ ਪਸ਼ੂ ਪਾਲਣ ਵਿਧੀਆਂ ਨਾਲ ਸਬੰਧਤ ਜ਼ਰੂਰੀ ਸਲਾਹ ਅਤੇ ਜਾਣਕਾਰੀ ਪ੍ਰਦਾਨ ਕੀਤੀ। ਲੁਵਾਸ ਦੇ ਵਿਗਿਆਨੀਆਂ ਅਤੇ ਵਿਸਥਾਰ ਮਾਹਿਰਾਂ ਨੇ ਐਕਸਪੋ ਵਿੱਚ ਆਉਣ ਵਾਲੇ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇਸ਼ ਯਤਨ ਕੀਤੇ। ਉਨ੍ਹਾਂ ਨੇ ਪਸ਼ੂ ਪਾਲਣ ਅਤੇ ਪਸ਼ੂ ਸਿਹਤ ਨਾਲ ਸਬੰਧਤ ਵਿਗਿਆਨਕ ਜਾਣਕਾਰੀ, ਨਵੀਨਤਮ ਤਕਨੀਕਾਂ, ਰੋਗ ਕੰਟਰੋਲ ਉਪਾਵਾਂ ਅਤੇ ਉਪਯੋਗੀ ਵਿਸਥਾਰ ਸੇਵਾਵਾਂ ਨੂੰ ਸਰਲ ਅਤੇ ਵਿਹਾਰਕ ਰੂਪ ਵਿੱਚ ਕਿਸਾਨਾਂ ਤੱਕ ਪਹੁੰਚਾਇਆ।

ਇਸ ਦਾ ਉਦੇਸ਼ ਕਿਸਾਨਾਂ ਨੂੰ ਵਿਗਿਆਨਕ ਪਸ਼ੂ ਪਾਲਣ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਉਪਲਬਧ ਤਕਨੀਕਾਂ ਅਤੇ ਮਾਹਿਰ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਪ੍ਰਦਾਨ ਕਰਨਾ ਰਿਹਾ। ਸਰਵੋਤਮ ਸਟਾਲ ਸ਼੍ਰੇਣੀ ਦਾ ਇਨਾਮ MHU ਦੇ ਕੁਲਪਤੀ ਡਾ. ਸੁਰੇਸ਼ ਕੁਮਾਰ ਮਲਹੋਤਰਾ ਅਤੇ ਇੰਦਰੀ ਦੇ ਵਿਧਾਇਕ ਸ੍ਰੀ ਰਾਮ ਕੁਮਾਰ ਕਸ਼ਯਪ ਵੱਲੋਂ ਪ੍ਰਦਾਨ ਕੀਤਾ ਗਿਆ। ਲੁਵਾਸ ਦੇ ਸਟਾਲ ਨੂੰ ਕਿਸਾਨਾਂ ਤੱਕ ਵਿਗਿਆਨਕ ਪਸ਼ੂ ਪਾਲਣ ਅਤੇ ਪਸ਼ੂ ਸਿਹਤ ਸਬੰਧੀ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ, ਉਪਯੋਗੀ ਤਕਨੀਕਾਂ ਅਤੇ ਵਿਸਥਾਰ ਗਤੀਵਿਧੀਆਂ ਦੇ ਪ੍ਰਦਰਸ਼ਨ ਅਤੇ ਆਕਰਸ਼ਕ, ਸੁਵਿਵਸਥਿਤ ਅਤੇ ਜਾਣਕਾਰੀਪੂਰਨ ਪੇਸ਼ਕਾਰੀ ਲਈ ਜਿਊਰੀ ਮੈਂਬਰਾਂ ਵੱਲੋਂ ਵੀ ਸ਼ਲਾਘਾ ਕੀਤੀ ਗਈ।

ਇਹ ਇਨਾਮ ਲੁਵਾਸ ਦੀਆਂ ਕਿਸਾਨ-ਕੇਂਦਰਿਤ ਵਿਸਥਾਰ ਗਤੀਵਿਧੀਆਂ, ਵਿਗਿਆਨਕ ਗਿਆਨ ਅਤੇ ਆਧੁਨਿਕ ਪਸ਼ੂ ਪਾਲਣ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੀ ਵਚਨਬੱਧਤਾ ਨੂੰ ਮਿਲੀ ਮਹੱਤਵਪੂਰਨ ਪਛਾਣ ਹੈ। ਯੂਨੀਵਰਸਿਟੀ ਭਵਿੱਖ ਵਿੱਚ ਵੀ ਕਿਸਾਨਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਗਿਆਨਕ ਅਤੇ ਵਿਹਾਰਕ ਜਾਣਕਾਰੀ ਉਪਲਬਧ ਕਰਵਾਉਣ ਅਤੇ ਪਸ਼ੂ ਪਾਲਣ ਖੇਤਰ ਦੇ ਵਿਕਾਸ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਦੇਣ ਲਈ ਨਿਰੰਤਰ ਯਤਨਸ਼ੀਲ ਰਹੇਗੀ।

# ਭਾਰਤੀ ਹਵਾਈ ਸੈਨਾ ਦੇ 14 ਸਕੂਐਡਰਨ 'ਨੇ ਪਲਾਟੀਨਮ ਜੁਬਲੀ ਸਮਾਰੋਹ ਕੀਤਾ ਆਯੋਜਿਤ




**ਪੈ.ਗਾਮ-ਏ-ਜਗਤ/ਅੰਬਾਲਾ, 21 ਸਤੰਬਰ (ਆਰ.ਸਿੰਘ)**

ਭਾਰਤੀ ਹਵਾਈ ਸੈਨਾ ਦੇ ਨੰਬਰ 14 ਸਕੂਐਡਰਨ, ਜਿਸ ਨੂੰ 'ਬੁਲਜ਼' ਵਜੋਂ ਜਾਣਿਆ ਜਾਂਦਾ ਹੈ, ਨੇ ਆਪਣੀ ਵਿਲੱਖਣ ਸੇਵਾ ਦੀ ਪਲਾਟੀਨਮ ਜੁਬਲੀ ਮਨਾਈ। 1951 ਵਿੱਚ ਸਕੂਐਡਰਨ ਲੀਡਰ ਐਲਆਰਡੀ ਬਲੰਟ ਦੀ ਕਮਾਂਡ ਹੇਠ ਬਣਾਇਆ ਗਿਆ ਇਹ ਸਕੂਐਡਰਨ ਸ਼ੁਰੂ ਵਿੱਚ ਸਪਿਟ ਫਾਇਰ ਜਹਾਜ਼ਾਂ ਨਾਲ ਲੈਸ ਸੀ। ਇਸ ਫਾਰਮੇਸ਼ਨ ਨੇ ਸਪਿਟ ਫਾਇਰ, ਵੈਂਪਾਇਰ, ਹੰਟਰ ਅਤੇ ਜੈਗੁਆਰ ਜਹਾਜ਼ਾਂ ਦਾ ਸੰਚਾਲਨ ਕੀਤਾ ਹੈ ਜੋ ਕਿ ਭਾਰਤੀ ਹਵਾਈ ਸੈਨਾ ਦੀ ਹਵਾਈ ਲੜਾਈ ਸਮਰੱਥਾ ਦੇ ਵਿਕਾਸ ਨੂੰ ਦਰਸਾਉਂਦਾ ਹੈ। ਸਕੂਐਡਰਨ ਕੋਲ ਬਹਾਦਰੀ ਅਤੇ ਸੰਚਾਲਨ ਉੱਤਮਤਾ ਦੀ ਮਾਣਮੱਤੀ ਵਿਰਾਸਤ ਹੈ। 1965 ਦੀ ਭਾਰਤ-ਪਾਕਿ ਜੰਗ ਦੌਰਾਨ ਫਲਾਈਟ ਲੈਫ਼ਟੀਨੈਂਟ ਏਟੀ ਕੁੱਕ ਅਤੇ ਫਲਾਇੰਗ ਅਫਸਰ ਐਸ ਮਮਗੈਨ ਨੇ ਪਾਕਿਸਤਾਨੀ ਸੈਬਰ ਜਹਾਜ਼ਾਂ ਵਿਰੁੱਧ ਆਪਣੀ ਪਹਿਲੀ ਹਵਾਈ ਜਿੱਤ ਪ੍ਰਾਪਤ ਕੀਤੀ ਅਤੇ ਬਹਾਦਰੀ ਦੇ ਕਾਰਨਾਮਿਆਂ ਲਈ ਵੀਰ ਚੱਕਰ ਪ੍ਰਾਪਤ ਕੀਤਾ। 14 ਦਸੰਬਰ 1971 ਨੂੰ ਇਸ ਨੇ ਜੈਸੋਰ ਵਿਖੇ ਕਬਜ਼ੇ ਵਿੱਚ ਲਏ ਗਏ ਦੁਸ਼ਮਣ ਹਵਾਈ ਖੇਤਰ ਤੋਂ ਕਬਜ਼ਾ ਕਰਨ ਅਤੇ ਸੰਚਾਲਨ ਕਰਨ ਵਾਲਾ ਪਹਿਲਾ ਆਈਏਐਫ ਸਕੂਐਡਰਨ ਬਣ ਕੇ ਇਤਿਹਾਸ ਰਚਿਆ। 1979 ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹੋਏ ਸਕੂਐਡਰਨ ਜੈਗੁਆਰ; ਡੀਪ ਪੈਨੇਟਰੇਸ਼ਨ ਸਟ੍ਰਾਈਕ ਏਅਰਕਰਾਫਟ ਨੂੰ ਸ਼ਾਮਲ ਕਰਨ ਵਾਲੀ ਪਹਿਲੀ ਕਾਰਜਸ਼ੀਲ ਆਈਏਐਫ ਯੂਨਿਟ ਬਣ ਗਈ। ਇਸ ਨੇ ਬਾਲਾਕੋਟ ਓਪਰੇਸ਼ਨਾਂ ਦੌਰਾਨ ਸੰਚਾਲਨ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਅਤੇ ਇਸ ਨੂੰ ਆਈਐਸਆਰ (ਇੰਟੈਲੀਜੈਂਸ, ਨਿਗਰਾਨੀ, ਅਤੇ ਰਿਕੋਨਾਈਸੈਂਸ) ਓਪਰੇਸ਼ਨਾਂ ਵਿੱਚ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਚੀਫ਼ ਆਫ਼ ਦ ਏਅਰ ਸਟਾਫ ਯੂਨਿਟ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਆਦਰਸ਼ 'ਬਲ ਜੈ' ਦੁਆਰਾ ਨਿਰਦੇਸ਼ਤ ਸਕੂਐਡਰਨ ਬਹਾਦਰੀ ਅਤੇ ਸ਼ੁੱਧਤਾ ਦੀ ਆਪਣੀ ਮਾਣਮੱਤੀ ਵਿਰਾਸਤ ਨੂੰ ਬਰਕਰਾਰ ਰੱਖ ਰਿਹਾ ਹੈ।

# ਜ਼ਿਲ੍ਹੇ 'ਚ ਮੁੱਖ ਮੰਤਰੀ ਸਿਹਤ ਕਾਰਡਾਂ ਦੀ ਘਰ-ਘਰ ਵੰਡ ਸ਼ੁਰੂ

- ਸਿਹਤ ਵਿਭਾਗ ਹਰ ਨਾਗਰਿਕ ਦੀ ਚੰਗੀ ਸਿਹਤ ਲਈ ਵਚਨਵੱਧ : ਸਿਵਲ ਸਰਜਨ
- ਹਰ ਯੋਗ ਲਾਭਪਾਤਰੀ ਨੂੰ ਪਹਿਲਾਂ ਹੀ ਮਿਲ ਰਿਹੈ 10 ਲੱਖ ਰੁਪਏ ਤਕ ਦਾ ਮੁ.ਫ਼ਤ ਡਾਕਟਰੀ ਇਲਾਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 21 ਸਤੰਬਰ (ਪੈ.ਗਾਮ-ਏ-ਜਗਤ)**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਯੋਗ ਲਾਭਪਾਤਰੀਆਂ ਨੂੰ ਸਿਹਤ ਕਾਰਡਾਂ ਦੀ ਘਰ-ਘਰ ਜਾ ਕੇ ਵੰਡ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਿੱਤੀ।

ਡਾ. ਜੈਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ ਯੋਗ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰ ਦੀ ਸਿਹਤ ਸੁਰੱਖਿਆ ਯੋਜਨਾ ਦਾ ਲਾਭ ਹਰ ਯੋਗ ਪਰਿਵਾਰ ਤਕ ਪਹੁੰਚੇ ਅਤੇ ਕੋਈ ਵੀ ਲਾਭਪਾਤਰੀ ਇਸ ਸਹੂਲਤ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਰ ਯੋਗ ਲਾਭਪਾਤਰੀ ਨੂੰ ਪ੍ਰਤੀ ਪਰਿਵਾਰ ਵੱਖ ਵੱਖ ਬੀਮਾਰੀਆਂ ਦੇ ਇਲਾਜ ਲਈ 10 ਲੱਖ ਰੁਪਏ ਤਕ ਦਾ ਮੁਫ਼ਤ ਸਿਹਤ ਬੀਮਾ ਮੁਹੱਈਆ ਕਰਵਾਉਣ ਦਾ ਪ੍ਰਬੰਧ ਹੈ। ਜ਼ਿਕਰਯੋਗ ਹੈ ਕਿ ਇਹ ਯੋਜਨਾ ਪਹਿਲਾਂ ਹੀ ਚੱਲ ਰਹੀ ਹੈ ਅਤੇ ਯੋਗ ਲਾਭਪਾਤਰੀਆਂ ਨੂੰ ਲੋੜ ਪੈਣ 'ਤੇ ਇਲਾਜ ਦੇ ਭਾਰੀ ਖ਼ਰਚੇ ਤੋਂ ਰਾਹਤ ਮਿਲ ਰਹੀ ਹੈ।

ਸਿਵਲ ਸਰਜਨ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਫੀਲਡ ਟੀਮਾਂ ਵੱਲੋਂ ਕਾਰਡਾਂ ਦੀ ਵੰਡ ਦੇ ਨਾਲ-ਨਾਲ ਲੋਕਾਂ ਨੂੰ ਯੋਜਨਾ ਦੇ ਲਾਭਾਂ ਅਤੇ ਕਾਰਡ ਦੀ ਵਰਤੋਂ ਸਬੰਧੀ ਵੀ ਜ਼ਰੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦਾ ਮੁੱਖ ਉਦੇਸ਼ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤਕ ਪਹੁੰਚਾਉਣਾ ਹੈ। ਡਾ. ਜੈਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਿਹਤ ਕਾਰਡ ਨੂੰ ਸੰਭਾਲ ਕੇ ਰੱਖਣ ਅਤੇ ਲੋੜ ਪੈਣ 'ਤੇ ਯੋਜਨਾ ਤਹਿਤ ਉਪਲਬਧ ਸਿਹਤ ਸਹੂਲਤਾਂ ਦਾ ਲਾਭ ਲੈਣ। ਇਸ ਮੌਕੇ ਨੋਡਲ ਅਧਿਕਾਰੀ ਡਾ. ਮਹਿਤਾਬ ਸਿੰਘ ਵੀ ਮੌਜੂਦ ਸਨ।

# ਅਦਾਕਾਰ ਲੱਖਵਿੰਦਰ ਲੱਖਾ ਵੱਲੋਂ ਨੌਜਵਾਨ ਵੋਟਰਾਂ ਨੂੰ ਵੋਟ ਬਣਾਉਣ ਦੀ ਅਪੀਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ 21 ਸਤੰਬਰ (ਪੈ.ਗਾਮ-ਏ-ਜਗਤ)**

ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਚੱਲ ਰਹੀਆਂ ਸਵੀਪ ਗਤੀਵਿਧੀਆਂ ਤਹਿਤ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰ ਹੋਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਪੰਜਾਬੀ ਫਿਲਮਾਂ ਦੇ ਉੱਘੇ ਅਦਾਕਾਰ ਲੱਖਵਿੰਦਰ ਲੱਖਾ ਅੱਜ ਜ਼ਿਲ੍ਹਾ ਚੋਣ ਦਫ਼ਤਰ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਹੜੇ ਨੌਜਵਾਨ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਹਨ ਅਤੇ ਅਜੇ ਤੱਕ ਉਨ੍ਹਾਂ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਨਹੀਂ ਹੋਇਆ, ਉਹ ਆਪਣੀ ਵੋਟ ਜਲਦ ਤੋਂ ਜਲਦ ਬਣਵਾਉਣ। ਲਖਵਿੰਦਰ ਲੱਖਾ ਪੰਜਾਬੀ ਫਿਲਮਾ ਢੋਲ ਰੱਤੀ, 25 ਕਿੱਲੇ, ਮਿੱਟੀ ਨਾ ਫਰੋਲ ਜੋਗੀਆ, ਜੱਟੀ ਪੰਦਰਾਂ ਮੁਰੱਬਿਆਂ ਵਾਲੀ ਅਤੇ ਖਿਡਾਰੀ ਦੇ ਮੇਨ ਹੀਰੋ ਵੱਜੋਂ ਨਾਮਣਾ ਖੱਟ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵੋਟ ਸਿਰਫ਼ ਇੱਕ ਅਧਿਕਾਰ ਹੀ ਨਹੀਂ, ਸਗੋਂ ਲੋਕਤੰਤਰ ਵਿੱਚ ਆਪਣੀ ਭਾਗੀਦਾਰੀ ਯਕੀਨੀ ਬਣਾਉਣ ਦਾ ਮਹੱਤਵਪੂਰਨ ਸਾਧਨ ਹੈ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਖੁਦ ਵੋਟਰ ਵਜੋਂ ਰਜਿਸਟਰ ਹੋਣ ਅਤੇ ਆਪਣੇ ਸਾਥੀਆਂ ਨੂੰ ਵੀ ਵੋਟ ਬਣਵਾਉਣ ਲਈ ਪ੍ਰੇਰਿਤ ਕਰਨ। ਇਸ ਮੌਕੇ ਉੱਘੇ ਚਿੱਤਰਕਾਰ ਸ੍ਰੀ ਗੁਰਪ੍ਰੀਤ ਸਿੰਘ ਨਾਮਧਾਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ. ਗੁਰਬਖ਼ਸ਼ੀਸ਼ ਸਿੰਘ ਅੰਟਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਵਿੱਚ ਸਥਾਪਿਤ ਇਲੈਕਟੋਰਲ ਲਿਟਰੇਸੀ ਕਲੱਬਜ਼ ਨੂੰ ਸਰਗਰਮ ਕਰਦਿਆਂ ਨੌਜਵਾਨਾਂ ਤੱਕ ਵੋਟਰ ਰਜਿਸਟ੍ਰੇਸ਼ਨ ਅਤੇ ਚੋਣੀ ਭਾਗੀਦਾਰੀ ਦਾ ਸੰਦੇਸ਼ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਵੀਪ ਟੀਮ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਯੋਗ ਨੌਜਵਾਨ ਵੋਟਰ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਦੇ ਈ ਐਲ ਸੀ ਕਲੱਬਾਂ ਰਾਹੀਂ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ, ਵੋਟਰ ਰਜਿਸਟ੍ਰੇਸ਼ਨ ਮੁਹਿੰਮਾਂ ਅਤੇ ਨੌਜਵਾਨਾਂ ਨਾਲ ਸਿੱਧਾ ਸੰਪਰਕ ਕੀਤਾ ਜਾ ਰਿਹਾ ਹੈ, ਤਾਂ ਜੋ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਵੋਟਰ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

# ਪੀਜੀਆਈਐੱਮਈਆਰ ਨੇ ਡਿਮੈਂਸ਼ੀਆ ਦੇ ਵਧਦੇ ਮਾਮਲਿਆਂ 'ਤੇ ਜਤਾਈ ਚਿੰਤਾ, ਛੇਤੀ ਜਾਂਚ ਅਤੇ ਦੇਖਭਾਲ ਕਰਨ ਵਾਲਿਆਂ ਦੀ ਸਹਾਇਤਾ 'ਤੇ ਦਿੱਤਾ ਜ਼ੋਰ

**ਚੰਡੀਗੜ੍ਹ, 21 ਸਤੰਬਰ, (ਪੈ.ਗਾਮ-ਏ-ਜਗਤ)**

ਵਿਸ਼ਵ ਅਲਜ਼ਾਈਮਰ ਦਿਵਸ ਮੌਕੇ ਪੀਜੀਆਈਐੱਮਈਆਰ ਚੰਡੀਗੜ੍ਹ ਦੇ ਨਿਊਰੋਲੋਜੀ ਵਿਭਾਗ ਨੇ ਅਲਜ਼ਾਈਮਰ ਰੋਗ ਅਤੇ ਹੋਰ ਡਿਮੈਂਸ਼ੀਆ ਬਾਰੇ ਜਾਗਰੂਕਤਾ ਵਧਾਉਣ ਦੀ ਅਪੀਲ ਕੀਤੀ। ਵਿਭਾਗ ਨੇ ਕਿਹਾ ਕਿ ਭਾਰਤ ਵਿੱਚ ਅਲਜ਼ਾਈਮਰ ਲਈ ਨਵੀਆਂ ਬਿਮਾਰੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਦਵਾਈਆਂ ਉਪਲਬਧ ਹੋਣ ਕਾਰਨ ਹੁਣ ਬਿਮਾਰੀ ਦੀ ਛੇਤੀ ਪਛਾਣ ਅਤੇ ਜਾਂਚ ਹੋਰ ਵੀ ਮਹੱਤਵਪੂਰਨ ਹੋ ਗਈ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਨਿਊਰੋਲੋਜੀ ਵਿਭਾਗ ਦੇ ਪ੍ਰੋ. ਧੀਰਜ ਖੁਰਾਣਾ, ਡਾ. ਸੁਚਾਰਿਤਾ ਰੇਅ, ਐਡੀਸ਼ਨਲ ਪ੍ਰੋਫੈਸਰ, ਡਾ. ਕਾਰਤਿਕ ਵੀ.ਐੱਮ., ਐਸੋਸੀਏਟ ਪ੍ਰੋਫੈਸਰ ਅਤੇ ਬਾਇਓਕੈਮਿਸਟਰੀ ਵਿਭਾਗ ਦੀ ਪ੍ਰੋ. ਇੰਦੂ ਵਰਮਾ ਨੇ




ਡਿਮੈਂਸ਼ੀਆ ਦੀ ਸਮੇਂ ਸਿਰ ਜਾਂਚ, ਇਸ ਦੇ ਵੱਖ-ਵੱਖ ਕਾਰਨਾਂ ਦੀ ਸਹੀ ਪਛਾਣ, ਆਧੁਨਿਕ ਜਾਂਚ ਸਹੂਲਤਾਂ ਅਤੇ ਮਰੀਜ਼ਾਂ ਤੇ ਦੇਖਭਾਲ ਕਰਨ ਵਾਲਿਆਂ ਲਈ ਮਜ਼ਬੂਤ ਸਹਾਇਤਾ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ।

ਪ੍ਰੋ. ਧੀਰਜ ਖੁਰਾਣਾ ਨੇ ਕਿਹਾ ਕਿ ਅਲਜ਼ਾਈਮਰ ਦੇ ਇਲਾਜ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ ਅਤੇ ਨਵੀਆਂ ਦਵਾਈਆਂ ਬਿਮਾਰੀ ਦੇ ਸ਼ੁਰੂਆਤੀ ਹਲਕੇ ਪੜਾਅ ਵਿੱਚ ਵਧੇਰੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਇਸ ਲਈ ਲਗਾਤਾਰ ਯਾਦਦਾਸ਼ਤ ਦੀ ਕਮੀ ਜਾਂ ਰੋਜ਼ਾਨਾ ਕੰਮਕਾਜ ਵਿੱਚ ਬਦਲਾਅ ਨੂੰ ਸਿਰਫ਼ ਵਧਦੀ ਉਮਰ ਦਾ ਨਤੀਜਾ ਨਾ ਸਮਝ ਕੇ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਡਾ. ਸੁਚਾਰਿਤਾ ਰੇਅ ਨੇ ਕਿਹਾ ਕਿ ਡਿਮੈਂਸ਼ੀਆ ਕੋਈ ਇੱਕ ਬਿਮਾਰੀ ਨਹੀਂ, ਸਗੋਂ ਕਈ ਬਿਮਾਰੀਆਂ ਕਾਰਨ ਪੈਦਾ ਹੋਣ ਵਾਲੀ ਸਥਿਤੀ ਹੈ। ਉਨ੍ਹਾਂ ਕਿਹਾ ਕਿ ਮਰੀਜ਼ ਦੇ ਨਾਲ-ਨਾਲ ਪਰਿਵਾਰ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਵੀ ਸਹਾਇਤਾ ਦੀ ਲੋੜ ਹੁੰਦੀ ਹੈ, ਕਿਉਂਕਿ ਉਹ ਸਰੀਰਕ, ਭਾਵਨਾਤਮਕ ਅਤੇ ਵਿੱਤੀ ਦਬਾਅ ਦਾ ਸਾਹਮਣਾ ਕਰਦੇ ਹਨ।

ਪ੍ਰੋ. ਇੰਦੂ ਵਰਮਾ ਨੇ ਦੱਸਿਆ ਕਿ ਵਿਭਾਗ ਜਲਦ ਹੀ ਅਲਜ਼ਾਈਮਰ ਦੀ ਪਛਾਣ ਲਈ ਬਾਡੀ-ਫਲੂਇਡ ਟੈਸਟਾਂ ਦਾ ਪੈਨਲ ਸ਼ੁਰੂ ਕਰੇਗਾ। ਇਹ ਜਾਂਚ ਬਿਮਾਰੀ ਦੀ ਵਧੇਰੇ ਸਹੀ ਅਤੇ ਛੇਤੀ ਪਛਾਣ ਅਤੇ ਇਲਾਜ ਦੇ ਪ੍ਰਭਾਵ ਦੀ ਨਿਗਰਾਨੀ ਵਿੱਚ ਸਹਾਇਕ ਹੋ ਸਕਦੀ ਹੈ।

ਡਾ. ਕਾਰਤਿਕ ਨੇ ਕਿਹਾ ਕਿ ਡਿਮੈਂਸ਼ੀਆ ਨਾਲ ਡਿਪ੍ਰੈਸ਼ਨ ਵਰਗੀਆਂ ਹੋਰ ਸਿਹਤ ਸਮੱਸਿਆਵਾਂ ਵੀ ਮੌਜੂਦ ਹੋ ਸਕਦੀਆਂ ਹਨ, ਜਿਨ੍ਹਾਂ ਦੀ ਪਛਾਣ ਅਤੇ ਇਲਾਜ ਜ਼ਰੂਰੀ ਹੈ। ਵਿਭਾਗ ਵੱਲੋਂ ਡਿਮੈਂਸ਼ੀਆ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਅਤੇ ਮਰੀਜ਼ਾਂ ਤੇ ਪਰਿਵਾਰਾਂ ਲਈ ਇੱਕ ਸਹਾਇਤਾ ਪ੍ਰੋਗਰਾਮ ਸ਼ੁਰੂ ਕਰਨ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ।

# ਆਰਬੀਯੂ ਵਿਖੇ ਜਨ ਪਰੀਕਸ਼ਾ ਸੰਵਾਦ ਵਿੱਚ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰਾਂ 'ਤੇ ਮਾਹਿਰਾਂ ਨੇ ਕੀਤੀ ਚਰਚਾ

**ਚੰਡੀਗੜ੍ਹ, 20 ਸਤੰਬਰ (ਪੈ.ਗਾਮ-ਏ-ਜਗਤ)**

ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ' ਜਨ ਪਰੀਕਸ਼ਾ ਸੰਵਾਦ' ਤਹਿਤ ਉੱਚ ਪੱਧਰੀ ਅਕਾਦਮਿਕ ਸੰਵਾਦ ਕਰਵਾਇਆ ਗਿਆ, ਜਿਸ ਦੌਰਾਨ ਪ੍ਰੀਖਿਆ ਸੁਧਾਰਾਂ, ਪਾਰਦਰਸ਼ਤਾ, ਸਮਾਵੇਸ਼ਤਾ, ਤਕਨਾਲੋਜੀ ਅਤੇ ਵਿਦਿਆਰਥੀ ਭਲਾਈ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਪ੍ਰੋਗਰਾਮ ਭਾਰਤੀ ਸਿੱਖਿਆ ਮੰਡਲ, ਪੰਜਾਬ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ।



ਰਿਆਤ ਬਾਹਰਾ ਯੂਨੀਵਰਸਿਟੀ ਦੇ ਈ-ਸੈੱਲ ਦੀ ਡਾਇਰੈਕਟਰ ਡਾ. ਸਿੰਮੀ ਪ੍ਰਕਾਸ਼ ਨੇ ਦੱਸਿਆ ਕਿ ਸੰਵਾਦ ਵਿੱਚ ਵਾਈਸ-ਚਾਂਸਲਰ, ਡਾਇਰੈਕਟਰ, ਪ੍ਰਿੰਸੀਪਲ, ਫੈਕਲਟੀ ਮੈਂਬਰ, ਸਿੱਖਿਆ ਸ਼ਾਸਤਰੀ, ਮਾਪੇ, ਵਿਦਿਆਰਥੀ ਅਤੇ ਹੋਰ ਹਿੱਤਧਾਰਕਾਂ ਨੇ ਪ੍ਰੀਖਿਆ ਪ੍ਰਣਾਲੀ ਨਾਲ ਜੁੜੀਆਂ ਉਭਰਦੀਆਂ ਚੁਣੌਤੀਆਂ 'ਤੇ ਚਰਚਾ ਕੀਤੀ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕਿਆਂ ਬਾਰੇ ਵਿਚਾਰ ਸਾਂਝੇ ਕੀਤੇ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਵਾਗਤੀ ਭਾਸ਼ਣ ਦੌਰਾਨ ਪਾਰਦਰਸ਼ੀ, ਸਮਾਵੇਸ਼ੀ ਅਤੇ ਵਿਦਿਆਰਥੀ-ਕੇਂਦ੍ਰਿਤ ਪ੍ਰੀਖਿਆ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਦੇ ਆਗੂਆਂ ਅਤੇ ਹਿੱਤਧਾਰਕਾਂ ਵਿਚਕਾਰ ਸਾਰਥਕ ਅਕਾਦਮਿਕ ਸੰਵਾਦ ਮੁਲਾਂਕਣ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਉਸਾਰੂ ਤਰੀਕੇ ਵਿਕਸਿਤ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ। ਵਿਚਾਰ-ਵਟਾਂਦਰਾ ਪੰਜ ਸੈਸ਼ਨਾਂ ਵਿੱਚ ਹੋਇਆ, ਜਿਨ੍ਹਾਂ ਵਿੱਚ ਪ੍ਰੀਖਿਆ ਡਿਜ਼ਾਈਨ ਅਤੇ ਮੁਲਾਂਕਣ, ਪ੍ਰੀਖਿਆ ਸੁਰੱਖਿਆ ਤੇ ਭਰੋਸੇਯੋਗਤਾ, ਤਕਨਾਲੋਜੀ-ਅਧਾਰਤ ਪ੍ਰੀਖਿਆਵਾਂ, ਸਮਾਵੇਸ਼ੀ ਪ੍ਰੀਖਿਆਵਾਂ ਅਤੇ ਵਿਦਿਆਰਥੀ ਅਨੁਭਵ ਤੇ ਭਲਾਈ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ।

ਆਈਆਈਟੀ ਰੋਪੜ ਦੇ ਡਾਇਰੈਕਟਰ ਪ੍ਰੋ. ਡਾ. ਰਾਜੀਵ ਆਹੂਜਾ ਨੇ ਕਿਹਾ ਕਿ ਤਕਨਾਲੋਜੀ ਅਕਾਦਮਿਕ ਇਕਸਾਰਤਾ, ਡਾਟਾ ਸੁਰੱਖਿਆ ਅਤੇ ਸਮਾਵੇਸ਼ਤਾ ਨੂੰ ਯਕੀਨੀ ਬਣਾਉਂਦੇ ਹੋਏ ਪ੍ਰੀਖਿਆ ਪ੍ਰਣਾਲੀ ਵਿੱਚ ਵੱਡੇ ਬਦਲਾਅ ਲਿਆਉਣ ਦੀ ਸਮਰੱਥਾ ਰੱਖਦੀ ਹੈ।

ਹੋਰ ਬੁਲਾਰਿਆਂ ਵਿੱਚ ਗੁਰੂਗ੍ਰਾਮ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਸੰਜੇ ਕੌਸ਼ਿਕ, ਨਾਈਟਰ ਦੇ ਡਾਇਰੈਕਟਰ ਪ੍ਰੋ. ਡਾ. ਭੋਲਾ ਰਾਮ ਗੁਰਜਰ, ਸਲਾਈਟ ਯੂਨੀਵਰਸਿਟੀ ਦੇ ਡਾਇਰੈਕਟਰ ਪ੍ਰੋ. ਡਾ. ਮਣੀਕਾਂਤ ਪਾਸਵਾਨ ਅਤੇ ਨਿਪਰ ਮੋਹਾਲੀ ਦੇ ਡਾਇਰੈਕਟਰ ਪ੍ਰੋ. ਦੁਲਾਲ ਪਾਂਡੇ,ਪ੍ਰੋ.ਮੰਜੂ ਗੋਇਲ, ਖੇਤਰੀ ਨਿਰਦੇਸ਼ਕ, ਇਗਨੂ ਖੰਨਾ, ਅਤੇ ਭਾਰਤੀ ਸਿੱਖਿਆ ਮੰਡਲ ਦੇ ਸ਼੍ਰੀ ਗਣਪਤੀ ਜੀ ਸੰਗਠਨ ਮੰਤਰੀ ਸ਼ਾਮਲ ਸਨ। ਉਨ੍ਹਾਂ ਨੇ ਪ੍ਰੀਖਿਆ ਸੁਧਾਰਾਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਖੁੱਲ੍ਹੇ ਵਿਚਾਰ-ਵਟਾਂਦਰੇ ਦੌਰਾਨ ਭਾਗੀਦਾਰਾਂ ਨੂੰ ਪ੍ਰੀਖਿਆ ਸੁਧਾਰਾਂ ਅਤੇ ਵਿਦਿਆਰਥੀ ਭਲਾਈ ਨਾਲ ਸਬੰਧਤ ਆਪਣੀਆਂ ਚਿੰਤਾਵਾਂ ਤੇ ਸੁਝਾਅ ਸਾਂਝੇ ਕਰਨ ਦਾ ਮੌਕਾ ਮਿਲਿਆ। ਪ੍ਰੋਗਰਾਮ ਦੀ ਸਮਾਪਤੀ ਡੀਏਵੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਮਨੋਜ ਕੁਮਾਰ ਦੇ ਸੰਬੋਧਨ ਨਾਲ ਹੋਈ, ਜਿਸ ਤੋਂ ਬਾਅਦ ਪ੍ਰੋ. ਡਾ. ਰਾਜੀਵ ਆਹੂਜਾ ਨੇ ਸਮਾਪਤੀ ਭਾਸ਼ਣ ਦਿੱਤਾ। ਡਾ. ਅਸ਼ੋਕ ਠਾਕੁਰ, ਪ੍ਰਾਂਤ ਸਾਹ-ਮੰਤਰੀ, ਭਾਰਤੀ ਸਿੱਖਿਆ ਮੰਡਲ, ਪੰਜਾਬ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

ਪ੍ਰੋਗਰਾਮ ਦਾ ਤਾਲਮੇਲ ਅਤੇ ਸੰਚਾਲਨ ਰਿਆਤ ਬਾਹਰਾ ਯੂਨੀਵਰਸਿਟੀ ਦੇ ਈ-ਸੈੱਲ ਦੀ ਡਾਇਰੈਕਟਰ ਡਾ. ਸਿੰਮੀ ਪ੍ਰਕਾਸ਼ ਅਤੇ ਡਾ. ਅਸ਼ੋਕ ਠਾਕੁਰ ਵੱਲੋਂ ਕੀਤਾ ਗਿਆ।

# ਜੰਗ ਤੋਂ ਭਾਰਤੀ ਬੁਨਿਆਦੀ ਢਾਂਚੇ ਨੂੰ ਹਰ ਸਾਲ 1.42 ਲੱਖ ਕਰੋੜ ਦਾ ਨੁਕਸਾਨ: ਸੀਆਈਆਈ-ਐਨਆਰਆਈ ਰਿਪੋਰਟ

**ਚੰਡੀਗੜ੍ਹ, 21 ਸਤੰਬਰ (ਪੈ.ਗਾਮ-ਏ-ਜਗਤ)**

ਸੀਆਈਆਈ ਐਨੂਅਲ ਇਨਫ?ਰਾਸਟ੍ਰਕਚਰ ਸਮਿਟ 2026 ਵਿੱਚ ਪੇਸ਼ ਕੀਤੀ ਗਈ ਜੰਗ ਦੇ ਆਰਥਿਕ ਪ੍ਰਭਾਵ 'ਤੇ ਸੀਆਈਆਈ-ਐਨਆਰਆਈ ਰਿਪੋਰਟ ਦੇ ਅਨੁਸਾਰ, ਜੰਗ ਦੇ ਕਾਰਨ ਭਾਰਤ ਦੇ ਇਨਫ੍ਰਾਸਟ੍ਰਕਚਰ (ਬੁਨਿਆਦੀ ਢਾਂਚਾ) ਖੇਤਰ ਨੂੰ ਹਰ ਸਾਲ ਲਗਭਗ 1.42 ਲੱਖ ਕਰੋੜ ਦਾ ਨੁਕਸਾਨ ਹੋ ਰਿਹਾ ਹੈ। ਹਾਲਾਂਕਿ, ਬਿਹਤਰ ਰੋਕਥਾਮ ਅਤੇ ਸੁਰੱਖਿਆਤਮਕ ਉਪਾਵਾਂ ਦੇ ਜ਼ਰੀਏ ਸਾਲਾਨਾ 49,580 ਕਰੋੜ ਤੱਕ ਦੀ ਬਚਤ ਕੀਤੀ ਜਾ ਸਕਦੀ ਹੈ।

ਰਿਪੋਰਟ ਵਿੱਚ ਇਨਫ੍ਰਾਸਟ੍ਰਕਚਰ ਨੂੰ ਜਾਂਚੇ ਗਏ ਸਾਰੇ ਖੇਤਰਾਂ ਵਿੱਚੋਂ ਜੰਗ ਦੀ ਸਭ ਤੋਂ ਵੱਧ ਲਾਗਤ ਵਾਲੇ ਖੇਤਰ ਵਜੋਂ ਪਛਾਣਿਆ ਗਿਆ ਹੈ। 1.42 ਲੱਖ ਕਰੋੜ ਦਾ ਇਹ ਸਾਲਾਨਾ ਨੁਕਸਾਨ ਇਸ ਖੇਤਰ ਦੀ ਜੀਡੀਪੀ ਦੇ ਲਗਭਗ 2.9% ਦੇ ਬਰਾਬਰ ਹੈ, ਜਦੋਂ ਕਿ 49,580 ਕਰੋੜ ਦੀ ਅਧਿਕਤਮ ਸੰਭਾਵਿਤ ਬਚਤ ਇਨਫ੍ਰਾਸਟ੍ਰਕਚਰ-ਖੇਤਰ ਦੀ ਜੀਡੀਪੀ ਦੇ ਲਗਭਗ 1.02% ਦੀ




ਨੁਮਾਇੰਦਗੀ ਕਰਦੀ ਹੈ।

ਇਹ ਸਿੱਟੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਭਾਰਤ ਸੜਕਾਂ, ਪੁਲਾਂ, ਰੇਲਵੇ, ਇਮਾਰਤਾਂ, ਹਵਾਈ ਅੱਡਿਆਂ, ਬੰਦਰਗਾਹਾਂ ਅਤੇ ਹੋਰ ਬੁਨਿਆਦੀ ਢਾਂਚੇ ਵਿੱਚ ਭਾਰੀ ਨਿਵੇਸ਼ ਕਰ ਰਿਹਾ ਹੈ। ਭਾਰਤ ਦੀ ਜੀਡੀਪੀ ਵਿੱਚ ਬੁਨਿਆਦੀ ਢਾਂਚੇ ਦਾ ਯੋਗਦਾਨ ਲਗਭਗ 14.5% ਹੈ, ਜਿਸ ਨਾਲ ਇਸ ਨਿਵੇਸ਼ ਦੇ ਮੁੱਲ ਦੀ ਰੱਖਿਆ ਲਈ ਇਹਨਾਂ ਸੰਪਤੀਆਂ ਦਾ ਟਿਕਾਊ ਹੋਣਾ ਇੱਕ ਮਹੱਤਵਪੂਰਨ ਪਹਿਲੂ ਬਣ ਜਾਂਦਾ ਹੈ।

ਰਿਪੋਰਟ ਦਾ ਅਨੁਮਾਨ ਹੈ ਕਿ ਭਾਰਤੀ ਅਰਥਵਿਵਸਥਾ ਵਿੱਚ ਜੰਗ ਦੇ ਕਾਰਨ ਸਾਲਾਨਾ ਲਗਭਗ 14.15 ਲੱਖ ਕਰੋੜ ਜਾਂ ਜੀਡੀਪੀ ਦਾ 4.3% ਨੁਕਸਾਨ ਹੁੰਦਾ ਹੈ। ਪ੍ਰਭਾਵਸ਼ਾਲੀ ਜੰਗ-ਰੋਕਥਾਮ ਉਪਾਵਾਂ ਨਾਲ ਪੂਰੀ ਅਰਥਵਿਵਸਥਾ ਵਿੱਚ 4.95 ਲੱਖ ਕਰੋੜ ਤੱਕ ਦੀ ਸੰਭਾਵਿਤ ਬਚਤ ਹੋ ਸਕਦੀ ਹੈ, ਜੋ ਜੀਡੀਪੀ ਵਿੱਚ 1.5% ਦੇ ਵਾਧੇ ਦੇ ਬਰਾਬਰ ਹੈ। ਇਸ ਕੁਲ ਅਨੁਮਾਨਿਤ ਸਾਲਾਨਾ ਲਾਗਤ ਵਿੱਚੋਂ ਇਕੱਲੇ ਇਨਫਾਸਟ੍ਰਕਚਰ ਦਾ ਹਿੱਸਾ 1.42 ਲੱਖ ਕਰੋੜ ਹੈ ਅਤੇ ਇਸ ਵਿੱਚ 49,580 ਕਰੋੜ ਦੀ ਅਧਿਕਤਮ ਸੰਭਾਵਿਤ ਬਚਤ ਮੌਜੂਦ ਹੈ। ਰਿਪੋਰਟ ਇਮਾਰਤਾਂ, ਪੁਲਾਂ ਅਤੇ ਹੋਰ ਜਨਤਕ ਸੰਪਤੀਆਂ ਵਿੱਚ ਉਹਨਾਂ ਦੀ ਨਿਰਧਾਰਿਤ ਸੇਵਾ ਮਿਆਦ (ਸਰਵਿਸ ਲਾਈਫ) ਸਮਾਪਤ ਹੋਣ ਤੋਂ ਪਹਿਲਾਂ ਹੀ ਜੰਗ ਨਾਲ ਹੋਣ ਵਾਲੀ ਗਿਰਾਵਟ ਦੇ ਸਬੂਤਾਂ ਵੱਲ ਵੀ ਇਸ਼ਾਰਾ ਕਰਦੀ ਹੈ। ਰਿਪੋਰਟ ਵਿੱਚ ਤਰਕ ਦਿੱਤਾ ਗਿਆ ਹੈ ਕਿ ਵਾਰ-ਵਾਰ ਦੇਖਭਾਲ ਅਤੇ ਮੁਰੰਮਤ 'ਤੇ ਨਿਰਭਰ ਰਹਿਣ ਦੀ ਬਜਾਏ ਬਿਹਤਰ ਵਿਸ਼ੇਸ਼ਤਾਵਾਂ, ਸਮੱਗਰੀ ਦੀ ਚੋਣ ਅਤੇ ਸੁਰੱਖਿਆ ਪ੍ਰਣਾਲੀਆਂ ਰਾਹੀਂ ਕਿਸੇ ਸੰਪਤੀ ਦੇ ਨਿਰਮਾਣ ਤੋਂ ਪਹਿਲਾਂ ਹੀ ਜੰਗ ਦੇ ਵੱਡੇ ਬੋਝ ਨੂੰ ਘੱਟ ਕੀਤਾ ਜਾ ਸਕਦਾ ਹੈ। ਇੱਕ ਮੁੱਖ ਸਿਫ਼ਾਰਸ਼ ਵਾਤਾਵਰਣਕ ਜੋਖਮ ਦੇ ਆਧਾਰ 'ਤੇ ਜੰਗ-ਸੁਰੱਖਿਆ ਜ਼ਰੂਰਤਾਂ ਨੂੰ ਲਾਗੂ ਕਰਨਾ ਹੈ, ਵਿਸ਼ੇਸ਼ ਤੌਰ 'ਤੇ ਤੱਟਵਰਤੀ, ਬਹੁਤ ਜ਼ਿਆਦਾ ਨਮੀ ਵਾਲੇ ਅਤੇ ਹੋਰ ਪ੍ਰਤੀਕੂਲ ਵਾਤਾਵਰਣਾਂ ਲਈ। ਰਿਪੋਰਟ ਵਿੱਚ ਬੁਨਿਆਦੀ ਢਾਂਚੇ ਦੇ ਮਾਲਕਾਂ ਅਤੇ ਨੀਤੀ ਘਾੜਿਆਂ ਨੂੰ ਸਮੱਗਰੀ ਜਾਂ ਸੁਰੱਖਿਆ ਪ੍ਰਣਾਲੀ ਦੀ ਸ਼ੁਰੂਆਤੀ ਕੀਮਤ ਤੋਂ ਅੱਗੇ ਦੇਖਣ ਦਾ ਸੱਦਾ ਵੀ ਦਿੱਤਾ ਗਿਆ ਹੈ। ਰਿਪੋਰਟ ਦੀ ਪਹੁੰਚ ਵਾਤਾਵਰਣਕ ਜੋਖਮ, ਸੰਪਤੀ ਦੀਆਂ ਜ਼ਰੂਰਤਾਂ, ਅਤੇ ਸੇਵਾ ਮਿਆਦ ਅਤੇ ਲਾਈਫਸਾਈਕਲ ਇਕਨਾਮਿਕਸ ਦੇ ਅਨੁਸਾਰ ਸੁਰੱਖਿਆ ਦੀ ਚੋਣ ਕਰਨ ਦਾ ਸੱਦਾ ਦਿੰਦੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੰਦ ਫ਼ਤਿਹਪੁਰੀ ਦੇ ਵਿਛੋੜੇ ਨੂੰ ਪੰਜਾਬੀ ਪੱਤਰਕਾਰੀ ਲਈ ਵੱਡਾ ਘਾਟਾ ਦੱਸਿਆ

**ਚੰਡੀਗੜ੍ਹ, 21 ਸਤੰਬਰ (ਪੈ.ਗਾਮ-ਏ-ਜਗਤ)**

ਉੱਘੇ ਪੱਤਰਕਾਰ, 'ਨਵਾਂ ਜ਼ਮਾਨਾ' ਦੇ ਸੰਪਾਦਕ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਸੀਨੀਅਰ ਆਗੂ ਕਾਮਰੇਡ ਚੰਦ ਫ਼ਤਿਹਪੁਰੀ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਕਾਮਰੇਡ ਚੰਦ ਫ਼ਤਿਹਪੁਰੀ ਨੇ ਲੰਮੇ ਸਮੇਂ ਤੱਕ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। 'ਨਵਾਂ ਜ਼ਮਾਨਾ' ਨਾਲ ਉਨ੍ਹਾਂ ਦਾ ਲੰਮਾ ਅਤੇ ਗਹਿਰਾ ਸਬੰਧ ਰਿਹਾ ਅਤੇ ਸੰਪਾਦਕ ਵਜੋਂ ਉਨ੍ਹਾਂ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਆਪਣੀ ਲੇਖਣੀ ਰਾਹੀਂ ਉਨ੍ਹਾਂ ਨੇ ਲੋਕਾਂ ਦੇ ਦੁੱਖ-ਦਰਦ, ਸਮਾਜਕ ਸਰੋਕਾਰਾਂ ਅਤੇ ਆਮ ਲੋਕਾਂ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਆਵਾਜ਼ ਦਿੱਤੀ। ਖੱਬੀ ਲਹਿਰ ਨਾਲ ਜੁੜੇ ਇੱਕ ਸਰਗਰਮ ਆਗੂ ਵਜੋਂ ਵੀ ਉਨ੍ਹਾਂ ਦੀ ਲੰਮੀ ਭੂਮਿਕਾ ਰਹੀ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਅਤੇ ਲੋਕ-ਪੱਖੀ ਜਨਤਕ ਜੀਵਨ ਵਿੱਚ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੋਇਆ ਹੈ, ਜਿਸ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ।



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਚੰਦ ਫ਼ਤਿਹਪੁਰੀ ਦਾ ਵਿਛੋੜਾ ਪੰਜਾਬੀ ਪੱਤਰਕਾਰੀ ਲਈ ਹੀ ਨਹੀਂ, ਸਗੋਂ ਲੋਕ-ਪੱਖੀ ਸੋਚ ਅਤੇ ਸਮਾਜਕ ਸਰੋਕਾਰਾਂ ਲਈ ਵੀ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਚੰਦ ਫ਼ਤਿਹਪੁਰੀ ਨੇ ਪੱਤਰਕਾਰੀ ਨੂੰ ਸਿਰਫ਼ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਲੋਕਾਂ ਦੇ ਸਵਾਲਾਂ ਅਤੇ ਸਮਾਜ ਦੀਆਂ ਹਕੀਕਤਾਂ ਨਾਲ ਜੋੜ ਕੇ ਦੇਖਿਆ। ਉਹ ਆਪਣੇ ਵਿਚਾਰਾਂ ਪ੍ਰਤੀ ਵਚਨਬੱਧ ਅਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ। ਸਭਾ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਲਿਖਤ, ਉਨ੍ਹਾਂ ਦੀ ਸੋਚ ਅਤੇ ਲੋਕ-ਪੱਖੀ ਪੱਤਰਕਾਰੀ ਦੀ ਰਵਾਇਤ ਉਨ੍ਹਾਂ ਦੀ ਯਾਦ ਨੂੰ ਜਿਊਂਦਾ ਰੱਖੇਗੀ। ਉਨ੍ਹਾਂ ਕਾਮਰੇਡ ਚੰਦ ਫ਼ਤਿਹਪੁਰੀ ਦੇ ਪਰਿਵਾਰ ਅਤੇ ਸਨੇਹੀਆਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜ੍ਹੀ ਹੈ।

# ਪਾਕਿਸਤਾਨ ਦੀਆਂ ਜਾਸੂਸੀ ਏਜੰਸੀਆਂ ਦੇ ਜਾਲ ਤੋਂ ਸੁਚੇਤ ਰਹਿਣ ਨੌਜਵਾਨ, ਸ਼ੱਕੀ ਔਨਲਾਈਨ ਸੰਪਰਕਾਂ ਤੋਂ ਬਚਣ : ਐਸਪੀ ਹਾਂਸੀ

**ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)**

ਪੁਲਿਸ ਅਧਿਕਾਰੀ ਹਾਂਸੀ ਵਿਨੋਦ ਕੁਮਾਰ ਨੇ ਨੌਜਵਾਨਾਂ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਅਤੇ ਪਾਕਿਸਤਾਨ ਇੰਟੈਲੀਜੈਂਸ ਆਪਰੇਟਿਵ ਦੁਆਰਾ ਨੌਜਵਾਨਾਂ ਨੂੰ ਗੁਮਰਾਹ ਕਰਕੇ ਸੰਵੇਦਨਸ਼ੀਲ ਜਾਣਕਾਰੀ ਹਾਸਲ ਕਰਨ ਲਈ ਅਪਣਾਏ ਜਾਣ ਵਾਲੇ ਸ਼ੱਕੀ ਡਿਜੀਟਲ ਮਾਧਿਅਮਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

ਐਸਪੀ ਨੇ ਦੱਸਿਆ ਕਿ ਸ਼ੱਕੀ ਤੱਤ ਧਾਰਮਿਕ ਭਾਵਨਾਵਾਂ ਦੀ ਦੁਰਵਰਤੋਂ, +92 ਕੋਡ ਤੋਂ ਫਰਜ਼ੀ ਕਾਲ ਅਤੇ ਮੈਸੇਜ, ਸੋਸ਼ਲ ਮੀਡੀਆ 'ਤੇ ਹਨੀਟਰੈਪ, ਪਾਰਟ-ਟਾਈਮ ਜੌਬ ਅਤੇ ਔਨਲਾਈਨ ਕਮਾਈ ਦਾ ਲਾਲਚ ਅਤੇ ਫਰਜ਼ੀ ਲੋਨ ਅਤੇ ਬੈਟਿੰਗ ਐਪਸ ਦੇ ਜ਼ਰੀਏ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕਰ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਧਰਮ ਦੇ ਨਾਂ 'ਤੇ ਨੌਜਵਾਨਾਂ ਦੀਆਂ ਭਾਵਨਾਵਾਂ ਭੜਕਾ ਕੇ ਦੇਸ਼ ਵਿਰੋਧੀ ਗਤੀਵਿਧੀਆਂ ਲਈ ਉਕਸਾਇਆ ਜਾ ਸਕਦਾ ਹੈ। +92 ਨੰਬਰਾਂ ਤੋਂ ਕਾਲ ਜਾਂ ਵਟਸਐਪ ਮੈਸੇਜ ਭੇਜ ਕੇ KBC, ਲਾਟਰੀ, ਕਾਰ ਜਾਂ ਨਕਦ ਇਨਾਮ ਦਾ ਲਾਲਚ ਦੇ ਕੇ ਪ੍ਰੋਸੈਸਿੰਗ ਫੀਸ ਜਾਂ ਫਰਜ਼ੀ ਲਿੰਕ ਦੇ ਜ਼ਰੀਏ ਠੱਗੀ ਜਾਂ ਮੋਬਾਈਲ ਹੈਕ ਕਰਨ ਦਾ ਯਤਨ ਹੋ ਸਕਦਾ ਹੈ।



ਸੋਸ਼ਲ ਮੀਡੀਆ 'ਤੇ ਫਰਜ਼ੀ ਪ੍ਰੋਫਾਈਲ ਬਣਾ ਕੇ ਦੋਸਤੀ ਕੀਤੀ ਜਾ ਸਕਦੀ ਹੈ ਅਤੇ ਭਾਵਨਾਤਮਕ ਜਾਂ ਅਸ਼ਲੀਲ ਗੱਲਬਾਤ ਦੇ ਜ਼ਰੀਏ ਬਾਅਦ ਵਿੱਚ ਬਲੈਕਮੇਲ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਵਰਕ ਫਰੌਮ ਹੋਮ, ਡਾਟਾ ਐਂਟਰੀ ਅਤੇ ਟੈਲੀਗ੍ਰਾਮ ਟਾਸਕ ਦੇ ਨਾਂ 'ਤੇ ਪੈਸੇ ਕਮਾਉਣ ਦਾ ਲਾਲਚ ਦੇ ਕੇ ਫੋਟੋ, ਲੋਕੇਸ਼ਨ ਜਾਂ ਹੋਰ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ। ਫਰਜ਼ੀ ਲੋਨ ਅਤੇ ਬੈਟਿੰਗ ਐਪਸ ਦੇ ਜ਼ਰੀਏ ਵੀ ਨੌਜਵਾਨਾਂ ਨੂੰ ਜਾਲ ਵਿੱਚ ਫਸਾ ਕੇ ਬਲੈਕਮੇਲ ਕੀਤਾ ਜਾ ਸਕਦਾ ਹੈ।

ਐਸਪੀ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਫਸਣ ਨਾਲ ਕਰੀਅਰ ਅਤੇ ਭਵਿੱਖ ਪ੍ਰਭਾਵਿਤ ਹੋ ਸਕਦਾ ਹੈ। ਸੰਵੇਦਨਸ਼ੀਲ ਗਤੀਵਿਧੀਆਂ ਵਿੱਚ ਸ਼ਾਮਲ ਹੋਣ 'ਤੇ UAPA ਅਤੇ OSA ਵਰਗੇ ਕਾਨੂੰਨਾਂ ਤਹਿਤ ਕਾਰਵਾਈ, ਜੇਲ੍ਹ ਅਤੇ ਸਰਕਾਰੀ ਨੌਕਰੀ, ਪਾਸਪੋਰਟ ਅਤੇ ਵਿਦੇਸ਼ ਜਾਣ ਦੇ ਮੌਕਿਆਂ 'ਤੇ ਅਸਰ ਪੈ ਸਕਦਾ ਹੈ। ਆਰਥਿਕ ਨੁਕਸਾਨ, ਬਲੈਕਮੇਲਿੰਗ, ਮਾਨਸਿਕ ਤਣਾਅ ਅਤੇ ਸਮਾਜਿਕ ਬਦਨਾਮੀ ਵਰਗੀਆਂ ਸਥਿਤੀਆਂ ਵੀ ਪੈਦਾ ਹੋ ਸਕਦੀਆਂ ਹਨ।

ਉਨ੍ਹਾਂ ਨੇ ਨੌਜਵਾਨਾਂ ਨੂੰ ਅਣਜਾਣ ਫਰੈਂਡ ਰਿਕੁਐਸਟ ਸਵੀਕਾਰ ਨਾ ਕਰਨ, ਸ਼ੱਕੀ +92 ਨੰਬਰਾਂ ਤੋਂ ਆਏ ਲਿੰਕ 'ਤੇ ਕਲਿੱਕ ਨਾ ਕਰਨ, ਲਾਟਰੀ ਜਾਂ ਮੁਫ਼ਤ ਇਨਾਮ ਦੇ ਨਾਂ 'ਤੇ ਪੈਸੇ ਟ੍ਰਾਂਸਫਰ ਨਾ ਕਰਨ ਅਤੇ ਨਿੱਜੀ ਅਤੇ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਨਾ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ੱਕੀ ਔਨਲਾਈਨ ਸੰਪਰਕ, ਹਨੀਟਰੈਪ ਜਾਂ ਧਾਰਮਿਕ ਬਹਿਕਾਵੇ ਤੋਂ ਬਚੋ ਅਤੇ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿਓ।

# ਮੇਰਾ ਯੁਵਾ ਭਾਰਤ ਪੋਰਟਲ 'ਤੇ 'ਵਿਕਸਿਤ ਭਾਰਤ ਕੁਇਜ਼' ਸ਼ੁਰੂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 21 ਸਤੰਬਰ (ਪੈ.ਗਾਮ-ਏ-ਜਗਤ)**

ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2027 ਸਬੰਧੀ ਮੇਰਾ ਯੁਵਾ ਭਾਰਤ, ਐਸ.ਏ.ਐਸ. ਨਗਰ ਦੇ ਡਿਪਟੀ ਡਾਇਰੈਕਟਰ ਸ਼੍ਰੀ ਮੋਹਿਤ ਨੇ ਯੋਗ ਨੌਜਵਾਨਾਂ ਨੂੰ ਮੇਰਾ ਯੁਵਾ ਭਾਰਤ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਵਾ ਕੇ ਵੱਡੀ ਗਿਣਤੀ ਵਿੱਚ ਭਾਗ ਲੈਣ ਲਈ ਅਪੀਲ ਕੀਤੀ ਹੈ।

**• ਨੌਜਵਾਨਾਂ ਨੂੰ ਪ੍ਰਧਾਨ ਮੰਤਰੀ ਸਾਹਮਣੇ 'ਵਿਕਸਿਤ ਭਾਰਤ' ਸਬੰਧੀ ਆਪਣੇ ਵਿਚਾਰ ਪੇਸ਼ ਕਰਨ ਦਾ ਮਿਲੇਗਾ ਮੌਕਾ**




ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਵੱਲੋਂ ਆਯੋਜਿਤ ਇਹ ਇੱਕ ਰਾਸ਼ਟਰੀ ਪੱਧਰ ਦਾ ਪ੍ਰੋਗਰਾਮ ਹੈ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਆਪਣੀ ਅਗਵਾਈ ਸਮਰੱਥਾ, ਰਚਨਾਤਮਕਤਾ, ਪ੍ਰਤਿਭਾ ਅਤੇ ਨਵੇਂ ਵਿਚਾਰ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ। ਇਸ ਰਾਹੀਂ ਨੌਜਵਾਨ ਵਿਕਸਿਤ ਭਾਰਤ 02047 ਦੇ ਵਿਜ਼ਨ ਵਿੱਚ ਆਪਣਾ ਯੋਗਦਾਨ ਪਾ ਸਕਣਗੇ ਅਤੇ ਆਪਣੇ ਵਿਚਾਰ ਪ੍ਰਧਾਨ ਮੰਤਰੀ ਸਾਹਮਣੇ ਪੇਸ਼ ਕਰਨ ਦਾ ਮੌਕਾ ਹਾਸਲ ਕਰ ਸਕਣਗੇ। ਉਨ੍ਹਾਂ ਦੱਸਿਆ ਕਿ 17 ਅਗਸਤ 2026 ਨੂੰ 15 ਤੋਂ 29 ਸਾਲ ਦੀ ਉਮਰ ਵਾਲੇ ਨੌਜਵਾਨ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਯੋਗ ਹਨ। ਪ੍ਰੋਗਰਾਮ ਵਿੱਚ ਛੇ ਮੁੱਖ ਟ੍ਰੈਕ ਸ਼ਾਮਲ ਹਨ; ਵਿਕਸਿਤ ਭਾਰਤ ਚੈਲੈਂਜ, ਕਲਚਰਲ ਟ੍ਰੈਕ, ਡਿਜ਼ਾਈਨ ਫ਼ਾਰ ਭਾਰਤ, ਹੈਕ ਫ਼ਾਰ ਸੋਸ਼ਲ ਕਾਜ਼, ਯੂਥ ਐਂਟਰਪ੍ਰੀਨਿਊਰਜ਼ ਚੈਲੈਂਜ ਅਤੇ ਯੂਥ ਪਾਰਲੀਮੈਂਟ। ਉਨ੍ਹਾਂ ਦੱਸਿਆ ਕਿ ਵਿਕਸਿਤ ਭਾਰਤ ਚੈਲੈਂਜ ਟ੍ਰੈਕ ਰਾਹੀਂ ਚੁਣੇ ਗਏ ਨੌਜਵਾਨਾਂ ਨੂੰ ਆਪਣੇ ਵਿਚਾਰ ਪ੍ਰਧਾਨ ਮੰਤਰੀ ਸਾਹਮਣੇ ਪੇਸ਼ ਕਰਨ ਦਾ ਵਿਸ਼ੇਸ਼ ਮੌਕਾ ਮਿਲੇਗਾ। ਇਸ ਚੈਲੈਂਜ ਦੀ ਪ੍ਰਕਿਰਿਆ ਪੰਜ ਪੜਾਵਾਂ ਵਿੱਚ ਹੋਵੇਗੀ, ਜਿਸ ਵਿੱਚ ਵਿਕਸਿਤ ਭਾਰਤ ਕੁਇਜ਼, ਲੇਖ ਚੈਲੈਂਜ, ਜ਼ਿਲ੍ਹਾ ਚੈਂਪੀਅਨਸ਼ਿਪ, ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2027 ਅਤੇ ਰਾਸ਼ਟਰੀ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2027 ਸ਼ਾਮਲ ਹਨ।

ਇਸ ਪ੍ਰਕਿਰਿਆ ਦੀ ਸੰਪੂਰਨਤਾ 10 ਤੋਂ 12 ਜਨਵਰੀ 2027 ਤੱਕ ਨਵੀਂ ਦਿੱਲੀ ਵਿੱਚ ਹੋਣ ਵਾਲੇ ਰਾਸ਼ਟਰੀ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ ਨਾਲ ਹੋਵੇਗੀ। ਸਾਰੇ ਛੇ ਟ੍ਰੈਕਾਂ ਵਿੱਚੋਂ ਚੁਣੇ ਗਏ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਨੌਜਵਾਨਾਂ ਦੇ ਦਲ ਇਸ ਰਾਸ਼ਟਰੀ ਸਮਾਗਮ ਵਿੱਚ ਭਾਗ ਲੈਣਗੇ। ਉਨ੍ਹਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਐਨਐਸਐਸ/ ਐਨਸੀਸੀ ਯੂਨਿਟਾਂ, ਯੂਥ ਕਲੱਬਾਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਯੋਗ ਨੌਜਵਾਨਾਂ ਨੂੰ ਮੇਰਾ ਯੁਵਾ ਭਾਰਤ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਵਾਉਣ ਅਤੇ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕਰਨ।

# ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮਾਤਾ ਕਲਸਾਂ ਯਾਤਰੀ ਨਿਵਾਸ ਦੇ ਲੈਂਟਰ ਪਾਏ ਗਏ



**ਪੈ.ਗਾਮ-ਏ-ਜਗਤ/ਹਰੋਲੀ/ਊਨਾ 21 ਸਤੰਬਰ (ਰਾਜਵੀਰ ਚੋਪੜਾ)**

ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਧੰਨ ਮਾਤਾ ਕਲਸਾਂ ਜੀ ਯਾਤਰੀ ਨਿਵਾਸ ਦੇ ਲੈਂਟਰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਏ ਗਏ। ਜਿਸ ਵਿੱਚ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਜਾਪ ਤੋਂ ਉਪਰੰਤ ਅਰਦਾਸ ਬੇਨਤੀ ਕਰਕੇ ਲੈਂਟਰ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤੇ ਕੀਰਤਨ ਦੀਵਾਨ ਸਜਾਏ ਗਏ ਜਿਸ ਵਿੱਚ ਬਾਬਾ ਕੇਵਲ ਸਿੰਘ ਜੀ ਦੇ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ ਅਤੇ ਸੰਗਤਾਂ ਨੂੰ ਮਾਤਾ ਕਲਸਾਂ ਯਾਤਰੀ ਨਿਵਾਸ ਵਿੱਚ ਵੱਧ ਤੋਂ ਵੱਧ ਸੇਵਾ ਪਾਉਣ ਲਈ ਬੇਨਤੀ ਕੀਤੀ ਗਈ।

ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸੰਤ ਬਾਬਾ ਲਖਬੀਰ ਸਿੰਘ ਜੀ ਮੁਖੀ ਮਿਸ਼ਲ ਸ਼ਹੀਦਾਂ ਤਰਨਾ ਦਲ ਪਹੁੰਚੇ। ਜਿਨਾਂ ਵੱਲੋਂ ਪਹਿਲਾ ਬਜਰੀ ਦਾ ਬੱਠਲ ਪਾ ਕੇ ਲੈਂਟਰ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤੇ ਵੱਖ ਵੱਖ ਪਿੰਡਾਂ, ਸ਼ਹਿਰਾਂ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਭਰੀ ਇਸ ਮੌਕੇ ਤੇ EX ਤਹਿਸੀਲਦਾਰ ਵਿਜੇ ਕੁਮਾਰ ਜੀ ਜਲੰਧਰ ਵੱਲੋਂ 21000 ਰੁਪਏ, ਸਰਪੰਚ ਸ਼ਿੰਦਰਪਾਲ ਜੀ ਮਾਛੀਵਾੜਾ ਸਾਹਿਬ 11000 ਰੁਪਏ, ਲੱਛੂ ਰਾਮ ਬਸੀ 11000 ਰੁਪਏ, ਸਰੂਪ ਸਿੰਘ ਜੀ ਟੱਬਾ 11000 ਰੁਪਏ, ਡਾ ਹਰਭਜ ਮਹਿਮੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵਲੋਂ 11000 ਰੁਪਏ, ਬਲਵੀਰ ਸਿੰਘ ਜੀ ਕਾਲੇਵਾਲ 5100 ਰੁਪਏ, ਵਿਜੇ ਕੁਮਾਰ ਫੌਜੀ ਸੇਖੋਵਾਲ 5100, ਮਾਸਟਰ ਜਸਵੀਰ ਜੱਸੀ 21 ਥੈਲੇ ਸੀਮਿੰਟ, ਅਮਰ ਸੁਰਜੀਤ ਟੱਬਾ 8800 ਰੁਪਏ, ਮਹਿੰਦਰ ਸਿੰਘ ਖੁਰਾਲਗੜ੍ਹ 5100 ਰੁਪਏ, ਗੋਰਾ ਹੁਸ਼ਿਆਰਪੁਰ 21 ਥੈਲੇ ਸੀਮਿੰਟ, ਨੇਹਾ ਕਨੇਡਾ 6743 ਰੁਪਏ, ਸੁਖਵਿੰਦਰ ਸਿੰਘ ਦਿੱਲੀ 6300 ਰੁਪਏ, ਸੁਖਮਨ ਸੂਦ 11500 ਰੁਪਏ, ਮੋਹਣ ਲਾਲ ਜਲੰਧਰ 5000, ਆਯੂਸ਼ ਹੁਸ਼ਿਆਰਪੁਰ 5000 ਰੁਪਏ, ਸਰਪੰਚ ਅਵਤਾਰ ਸਿੰਘ ਮਜਾਰੀ 5100 ਰੁਪਏ।

ਇਸ ਯਾਤਰੀ ਨਿਵਾਸ ਵਿੱਚ ਜੋ ਵਿਸ਼ੇਸ਼ ਤੌਰ ਤੇ ਕਮਰਿਆਂ ਦੀ ਸੇਵਾ ਬਖਸ਼ੀ ਰਾਮ ਮਾਹੀ ਨੰਗਲ ਇਕ ਕਮਰੇ ਦੀ ਸੇਵਾ, ਦੇਸ ਰਾਜ, ਜਤਿੰਦਰ ਕੁਮਾਰ ਮੋਹਾਲੀ ਇੱਕ ਕਮਰੇ ਦੀ ਸੇਵਾ, ਅਵਤਾਰ ਸਿੰਘ, ਰੇਨੂ ਬਾਲਾ ਨਿਊਜ਼ੀਲੈਂਡ ਇੱਕ ਕਮਰੇ ਦੀ ਸੇਵਾ, ਹਰਮਨ ਮੰਡਿਆਲ ਇੱਕ ਕਮਰੇ ਦੀ ਸੇਵਾ, ਸ੍ਰੀ ਲੋਕ ਰਾਜ ਕਟਾਰੀਆ ਯੂਕੇ ਵੱਲੋਂ ਇੱਕ ਕਮਰੇ ਦੀ ਸੇਵਾ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਤੇ ਆਯੁਰਵੈਦਿਕ ਪ੍ਰੋਟੈਕਸ਼ਨ ਵੈਲਫੇਅਰ ਐਸੋਸੀਏਸ਼ਨ ਦੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਵਜੋਂ ਹਾਜ਼ਰੀ ਭਰੀ ਗਈ। ਫਤਿਹਗੜ੍ਹ ਸਾਹਿਬ ਅਤੇ ਮਾਛੀਵਾੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਠੰਡਾ ਅਤੇ ਜਲ ਜੀਰੇ ਦੀ ਸੇਵਾ ਕੀਤੀ ਗਈ। ਪਿੰਡ ਢਿੱਲਵਾਂ ਜ਼ਿਲਾ ਜਲੰਧਰ ਦੀਆਂ ਸੰਗਤਾਂ ਵੱਲੋਂ ਚਾਰ ਬੱਸਾਂ ਸੰਗਤ ਦੀਆਂ ਪਹੁੰਚੀਆਂ।


ਇਸ ਮੌਕੇ ਤੇ ਕਮੇਟੀ ਮੈਂਬਰ ਬਾਬਾ ਕੇਵਲ ਸਿੰਘ, ਚੇਅਰਮੈਨ ਕੁਲਵਰਨ ਸਿੰਘ, ਕੈਸ਼ੀਅਰ ਹਰਭਜਨ ਸਿੰਘ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਮੱਖਣ ਸਿੰਘ ਵਾਹਿਦਪੁਰੀ, ਬਿੰਦਰ ਸਿੰਘ, ਸਰਪੰਚ ਰੋਸ਼ਨ ਲਾਲ, ਸਤਪਾਲ ਸਿੰਘ, ਸੁਰਿੰਦਰ ਸਿੰਘ, ਚਰਨ ਭਾਰਤੀ, ਚੌ0 ਜੀਤ ਸਿੰਘ, ਡਾ ਜਸਬੀਰ ਵਿੱਕੀ, ਹਾਜਰ ਸਨ।

ਗੁਰੂ ਘਰ ਦੇ ਸੇਵਾਦਾਰ ਹਰਮਨ ਸਿੰਘ, ਵਿਸ਼ਾਲ ਸਿੰਘ, ਸਾਹਿਲ ਕੁਮਾਰ, ਜਤਨ ਸਿੰਘ, ਗਗਨਦੀਪ ਸਿੰਘ, ਗੁਰਮੁਖ ਸਿੰਘ, ਸਤੀਸ਼ ਸਿੰਘ, ਰਕੇਸ਼ ਕੁਮਾਰ ਰਾਜੂ ਮਾਜਰਾ, ਕੁਲਵਿੰਦਰ ਲਾਲ, ਭਜਨ ਸਿੰਘ, ਅਵਤਾਰ ਸਿੰਘ ਹਾਜ਼ਰ ਸਨ।

# ਨਸ਼ਾ ਮੁਕਤ ਭਾਰਤ ਅਭਿਆਨ ਦੇ ਛੇ ਸਾਲ ਪੂਰੇ ਹੋਣ ਮੌਕੇ ਸਰਕਾਰੀ ਕਾਲਜ ਵਿਖੇ ਜਾਗਰੂਕਤਾ ਰੈਲੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 21 ਸਤੰਬਰ ( )**

ਨਸ਼ਾ ਮੁਕਤ ਭਾਰਤ ਅਭਿਆਨ ਦੇ ਛੇ ਸਾਲ ਪੂਰੇ ਹੋਣ ਮੌਕੇ ਐਸ.ਐਮ.ਐਚ.ਐਸ. ਸਰਕਾਰੀ ਕਾਲਜ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਜਾਗਰੂਕਤਾ ਗਤੀਵਿਧੀ ਕਰਵਾਈ ਗਈ। ਇਹ ਗਤੀਵਿਧੀ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਹੇਠ ਏ.ਐਨ.ਓ. ਲੈਫਟੀਨੈਂਟ ਡਾ. ਸੁਖਵਿੰਦਰ ਸਿੰਘ ਅਤੇ ਸਮੂਹ ਸਟਾਫ ਦੇ ਸਹਿਯੋਗ




ਨਾਲ ਆਯੋਜਿਤ ਕੀਤੀ ਗਈ।

ਇਸ ਮੌਕੇ ਐਨ.ਸੀ.ਸੀ. ਕੈਡਿਟਾਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਦਾ ਸੰਦੇਸ਼ ਦੇਣ ਲਈ ਜਾਗਰੂਕਤਾ ਰੈਲੀ ਕੱਢੀ ਗਈ। ਕੈਡਿਟਾਂ ਨੇ ਨਸ਼ਿਆਂ ਤੋਂ ਦੂਰ ਰਹਿਣ, ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਸਮਾਜ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਸਾਂਝੇ ਯਤਨਾਂ ਦੀ ਲੋੜ ਸਬੰਧੀ ਪ੍ਰੇਰਣਾਦਾਇਕ ਸੰਦੇਸ਼ ਦਿੱਤੇ। ਇਸ ਦੌਰਾਨ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਪੱਧਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਭਰਪੂਰ ਭਾਸ਼ਣ ਵੀ ਦਿੱਤੇ ਗਏ। ਕੈਡਿਟਾਂ ਅਤੇ ਸਟਾਫ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿੱਖਿਆ, ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਜਾਗਰੂਕਤਾ ਗਤੀਵਿਧੀ ਵਿੱਚ ਪ੍ਰੋਫੈਸਰ ਰਸ਼ਮੀ ਪ੍ਰਭਾਕਰ, ਪ੍ਰੋਫੈਸਰ ਗੁਰਪ੍ਰੀਤ ਕੌਰ, ਪ੍ਰੋਫੈਸਰ ਸ਼ਰਨਜੀਤ ਸਿੰਘ, ਪ੍ਰੋਫੈਸਰ ਅਮਰੀਸ਼ ਠਾਕੁਰ, ਪ੍ਰੋਫੈਸਰ ਸਿਮਰਪ੍ਰੀਤ ਕੌਰ ਅਤੇ ਪ੍ਰੋਫੈਸਰ ਸਰਬਜੀਤ ਕੌਰ ਸਮੇਤ ਕਾਲਜ ਦੇ ਸਟਾਫ ਮੈਂਬਰਾਂ ਨੇ ਵੀ ਸਰਗਰਮੀ ਨਾਲ ਭਾਗ ਲਿਆ।

# ਸਰਕਾਰੀ ਕਾਲਜ ਵਿਖੇ ਅੰਤਰਰਾਸ਼ਟਰੀ ਸੂਖਮ ਜੀਵ ਦਿਵਸ ਮਨਾਇਆ

## ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਉਤਸ਼ਾਹ ਨਾਲ ਲਿਆ ਭਾਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 21 ਸਤੰਬਰ (ਪੈ.ਗਾਮ-ਏ-ਜਗਤ)**

ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਐਸ.ਏ.ਐਸ. ਨਗਰ (ਮੋਹਾਲੀ) ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਸੂਖਮ ਜੀਵ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ। ਇਹ ਗਤੀਵਿਧੀ ਬਾਇਓਟੈਕਨਾਲੋਜੀ ਵਿਭਾਗ ਦੀ ਮੁਖੀ ਸ੍ਰੀਮਤੀ ਜੱਸ ਕੀਰਤ ਕੌਰ ਦੀ ਦੇਖ-ਰੇਖ ਹੇਠ ਕਰਵਾਈ ਗਈ।



ਵਿਦਿਆਰਥੀਆਂ ਨੇ ਆਪਣੇ ਰਚਨਾਤਮਕ ਪੋਸਟਰਾਂ ਰਾਹੀਂ ਸੂਖਮ ਜੀਵਾਂ ਦੀ ਮਹੱਤਤਾ, ਉਨ੍ਹਾਂ ਦੇ ਵੱਖ-ਵੱਖ ਉਪਯੋਗਾਂ ਅਤੇ ਵਿਗਿਆਨਕ ਖੇਤਰ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਸੂਖਮ ਜੀਵਾਂ ਨਾਲ ਸਬੰਧਤ ਵਿਗਿਆਨਕ ਜਾਣਕਾਰੀ ਨੂੰ ਰਚਨਾਤਮਕ ਢੰਗ ਨਾਲ ਪੇਸ਼ ਕਰਦਿਆਂ ਆਪਣੀ ਵਿਗਿਆਨਕ ਸੋਚ ਅਤੇ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਵੱਲੋਂ ਸਰਟੀਫਿਕੇਟ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ‘ਅਸੀਂ ਵਾਰਿਸ ਪੰਜਾਬ ਨੂੰ ਕਿਸੇ ਵੀ ਕੀਮਤ ’ਤੇ ਹਰਿਆਣਾ ਵਿੱਚ ਆਪਣਾ ਖ਼ਾਲਿਸਤਾਨ ਅੰਦੋਲਨ ਚਲਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ’ : ਸ਼ਾਂਡਿਲਿਆ

**ਪੈ.ਗਾਮ-ਏ-ਜਗਤ**
**ਅੰਬਾਲਾ, 21 ਸਤੰਬਰ (ਆਰ.ਸਿੰਘ)**

ਐਂਟੀ ਟੈਰੋਰਿਸਟ ਫਰੰਟ ਇੰਡੀਆ ਦੇ ਕੌਮੀ ਪ੍ਰਧਾਨ ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਉਹ ਅੰਮ੍ਰਿਤਪਾਲ ਸਿੰਘ ਦੁਆਰਾ ਬਣਾਈ ਗਈ ਵਾਰਿਸ ਪੰਜਾਬ ਪਾਰਟੀ ਨੂੰ ਕਿਸੇ ਵੀ ਕੀਮਤ ’ਤੇ ਹਰਿਆਣਾ ਵਿੱਚ ਸੰਗਠਨ ਸਥਾਪਤ ਨਹੀਂ ਕਰਨ ਦੇਣਗੇ।ਉਨ੍ਹਾਂ ਕਿਹਾ ਕਿ ਵਾਰਿਸ ਪੰਜਾਬ ਪਾਰਟੀ ਕੱਟੜਪੰਥੀਆਂ ਦੀ ਪਾਰਟੀ ਹੈ ਅਤੇ ਖ਼ਾਲਿਸਤਾਨ ਅੰਦੋਲਨ ਚਲਾ ਰਹੀ ਹੈ ਜਿਸ ਨੂੰ ਐਂਟੀ ਟੈਰੋਰਿਸਟ ਫਰੰਟ ਇੰਡੀਆ ਬਰਦਾਸ਼ਤ ਨਹੀਂ ਕਰੇਗਾ।

ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਵਾਰਿਸ ਪੰਜਾਬ ਦੀ ਸਥਾਪਨਾ ਕਰਨ ਵਾਲੇ ਅੰਮ੍ਰਿਤਪਾਲ ਸਿੰਘ ਸੰਵਿਧਾਨ ਅਤੇ ਤਿਰੰਗੇ ਦੇ ਵਿਰੁੱਧ ਹਨ ਅਤੇ ਪੰਜਾਬ ਅਤੇ ਹਰਿਆਣਾ ਵਿੱਚ ਖ਼ਾਲਿਸਤਾਨ ਅੰਦੋਲਨ ਚਲਾ ਕੇ ਹਿੰਦੂ-ਸਿੱਖ ਭਾਈਚਾਰੇ ਨੂੰ ਵੰਡਣਾ ਚਾਹੁੰਦੇ ਹਨ।

ਅੱਤਵਾਦ ਵਿਰੋਧੀ ਫਰੰਟ ਇੰਡੀਆ ਅੰਮ੍ਰਿਤਪਾਲ ਸਿੰਘ ਦੀ ਯੋਜਨਾ ਨੂੰ ਸਫਲ ਨਹੀਂ ਹੋਣ ਦੇਵੇਗਾ। ਉਨ੍ਹਾਂ ਕਿਹਾ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਵਾਰਿਸ ਪੰਜਾਬ ਪਾਰਟੀ ਦੀ ਮਾਨਤਾ ਰੱਦ ਕਰਵਾਉਣ ਲਈ ਹਰਿਆਣਾ ਦੇ ਰਾਜਪਾਲ ਨੂੰ ਮਿਲਣਗੇ ਅਤੇ ਗ੍ਰਹਿ ਮੰਤਰੀ



ਅਮਿਤ ਸ਼ਾਹ ਨੂੰ ਇੱਕ ਮੰਗ ਪੱਤਰ ਸੌਂਪਣਗੇ ਅਤੇ ਮੰਗ ਕਰਨਗੇ ਕਿ ਅੰਮ੍ਰਿਤਪਾਲ ਸਿੰਘ ਕਥਿਤ ਤੌਰ ਤੇ ਆਈਐਸਆਈ ਦਾ ਏਜੰਟ ਹੈ ਅਤੇ ਵਾਰਿਸ ਪੰਜਾਬ ਰਾਹੀਂ ਖ਼ਾਲਿਸਤਾਨ ਮੁਹਿੰਮ ਚਲਾ ਰਿਹਾ ਹੈ। ਅਮਿਤ ਸ਼ਾਹ ਨੂੰ ਦਿੱਤੇ ਜਾਣ ਵਾਲੇ ਮੰਗ ਪੱਤਰ ਵਿੱਚ ਮੰਗ ਕੀਤੀ ਜਾਵੇਗੀ ਕਿ ਅੰਮ੍ਰਿਤਪਾਲ ਸਿੰਘ ਦੀ ਰਾਜਨੀਤਿਕ ਪਾਰਟੀ ਵਾਰਿਸ ਪੰਜਾਬ ਦੀ ਮਾਨਤਾ ਰੱਦ ਕੀਤੀ ਜਾਵੇ ਕਿਉਂਕਿ ਅੰਮ੍ਰਿਤਪਾਲ ਸਿੰਘ ਪੰਜਾਬ ਵਿੱਚ ਅੱਤਵਾਦ ਫੈਲਾਉਣਾ ਚਾਹੁੰਦਾ ਹੈ ਅਤੇ ਉਸ ਦੀ ਗੈਰਹਾਜ਼ਰੀ ਵਿੱਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਵਾਰਿਸ ਪੰਜਾਬ ਦੇ ਸੰਗਠਨ ਦਾ ਵਿਸਥਾਰ ਕਰਨ ਲਈ ਹਰਿਆਣਾ ਦਾ ਦੌਰਾ ਕਰ ਰਹੇ ਹਨ ਪਰ ਉਨ੍ਹਾਂ ਦਾ ਸੰਗਠਨ ਅੰਮ੍ਰਿਤਪਾਲ ਸਿੰਘ ਦੀ ਪਾਰਟੀ, ਉਨ੍ਹਾਂ ਦੇ ਸਮਰਥਕਾਂ ਅਤੇ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਨੂੰ ਹਰਿਆਣਾ ਵਿੱਚ ਵਾਰਿਸ ਪੰਜਾਬ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗਾ। ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਉਨ੍ਹਾਂ ਨੇ ਹਰਿਆਣਾ ਦੇ ਰਾਜਪਾਲ ਤੋਂ ਸਮਾਂ ਮੰਗਿਆ ਹੈ। ਫਰੰਟ ਦਾ ਇੱਕ ਵਫ਼ਦ ਜਲਦੀ ਹੀ ਹਰਿਆਣਾ ਦੇ ਰਾਜਪਾਲ ਅਸੀਮ ਘੋਸ਼ ਨੂੰ ਇੱਕ ਮੰਗ ਪੱਤਰ ਸੌਂਪੇਗਾ।

ਉਨ੍ਹਾਂ ਕਿਹਾ ਕਿ ਉਹ ਪੂਰੇ ਹਰਿਆਣਾ ਵਿੱਚ ਮੀਡੀਆ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਗੇ ਕਿ ਅੰਮ੍ਰਿਤਪਾਲ ਸਿੰਘ ਦੀ ਵਾਰਿਸ ਪੰਜਾਬ ਪਾਰਟੀ ਇੱਕ ਅੱਤਵਾਦੀ ਸੰਗਠਨ ਹੈ ਅਤੇ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੀ ਹੈ। ਵੀਰੇਸ਼ ਸ਼ਾਂਡਿਲਿਆ ਨੇ ਹਰਿਆਣਾ ਦੇ 2.75 ਕਰੋੜ ਲੋਕਾਂ, ਹਰਿਆਣਾ ਸਰਕਾਰ, ਹਰਿਆਣਾ ਪੁਲੀਸ ਅਤੇ ਹਰਿਆਣਾ ਦੇ ਮੀਡੀਆ ਨੂੰ ਯਾਦ ਦਿਵਾਇਆ ਕਿ ਇਸੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕੱਟੜਪੰਥੀਆਂ ਨਾਲ ਮਿਲ ਕੇ ਅੰਬਾਲਾ ਸ਼ਹਿਰ ਦੇ ਜੀਟੀ ਰੋਡ ’ਤੇ ਆ ਕੇ ਹਰਿਆਣਾ ਪੁਲੀਸ ਦੇ ਅਧਿਕਾਰੀਆਂ ’ਤੇ ਜਾਨਲੇਵਾ ਹਮਲਾ ਕੀਤਾ ਸੀ।

# ਅਸਲੀ ਅਤੇ ਮਤਲਵੀ ਬੱਚਿਆਂ ਦੀ ਪਹਿਚਾਣ



ਇੱਕ ਪਰਿਵਾਰ ਵਿੱਚ ਸਾਧੂ ਰਾਮ ਦਾ ਅਚਾਨਕ ਦਿਹਾਂਤ ਹੋ ਗਿਆ। ਉਸ ਦੇ ਚਾਰ ਬੇਟੇ ਅਤੇ ਇੱਕ ਬੇਟੀ ਸੀ। ਘਰ ਪਰਿਵਾਰ ਅੰਦਰ ਦੁਖ ਦਾ ਮਾਹੌਲ ਸੀ। ਠੀਕ ਦੋ ਵਜੇ ਬੇਟਿਆਂ ਵਲੋਂ ਆਪਣੇ ਸਤਿਕਾਰਯੋਗ ਪਿਤਾ ਜੀ ਦੇ ਸਾਰੇ ਕ੍ਰੀਆਕਰਮ ਪੂਰੇ ਕੀਤੇ ਅਤੇ ਅਰਥੀ ਲੈਕੇ ਸ਼ਮਸ਼ਾਨ ਭੂਮੀ ਵਲ ਰਾਮ ਰਾਮ ਸਤਿ ਕਹਿੰਦੇ ਹੋਏ ਚਲਣ ਲਗੇ ਤਾਂ ਦਰਵਾਜ਼ੇ ਤੇ ਇੱਕ ਕਾਰ ਆਕੇ ਰੁਕੀ ਅਤੇ ਉਸ ਵਿਚੋਂ ਇੱਕ ਆਦਮੀ ਨਿਕਲਕੇ ਅਰਥੀ ਅੱਗੇ ਖੜ੍ਹੇ ਹੋ ਗਿਆ। ਉਸਨੇ ਕਿਹਾ ਕਿ ਸਾਧੂ ਰਾਮ ਨੇ ਉਸ ਕੋਲੋਂ 10 ਲੱਖ ਰੁਪਏ ਉਧਾਰ ਲਏ ਸਨ, ਹੁਣ ਸਾਧੂ ਰਾਮ ਜੀ ਤਾਂ ਨਹੀਂ ਰਹੇ ਇਸ ਲਈ ਆਪਣੇ ਪਿਤਾ ਦੇ ਕਰਜ਼ ਦੇ ਦਸ ਲੱਖ ਰੁਪਏ ਉਸਨੂੰ ਦਿੱਤੇ ਜਾਣ ਨਹੀਂ ਤਾਂ ਉਹ ਸ਼੍ਰੀ ਸਾਧੂ ਰਾਮ ਦਾ ਸਸਕਾਰ ਨਹੀਂ ਹੋਣ ਦੇਣਗੇ।

ਬੇਟਿਆਂ ਨੇ ਅਰਥੀ ਜ਼ਮੀਨ ਤੇ ਰਖ ਦਿੱਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਕਦੇ ਵੀ ਨਹੀਂ ਦਸਿਆ ਕਿ ਉਨ੍ਹਾਂ ਨੇ ਦਸ ਲੱਖ ਰੁਪਏ ਦਾ ਕਰਜ਼ਾ ਲਿਆ ਹੈ। ਉਸ ਸੇਠ ਨੇ ਕਿਹਾ ਕਿ ਸਾਧੂ ਰਾਮ ਉਨ੍ਹਾਂ ਦੇ ਚੰਗੇ ਮਿੱਤਰ ਸਨ ਇਸ ਲਈ ਉਸਨੇ ਤੁਰੰਤ ਕਰਜ਼ਾ ਦੇ ਦਿੱਤਾ।

ਲੜਕਿਆਂ ਨੇ ਕਿਹਾ ਕਿ ਉਹ ਕਰਜ਼ਾ ਨਹੀਂ ਮੋੜ ਸਕਦੇ ਕਿਉਂਕਿ ਉਨ੍ਹਾਂ ਨੂੰ ਸਬੂਤ ਦਿਖਾਇਆ ਜਾਵੇ। ਮਹਲੇ ਕਾਲੋਨੀ ਦੇ ਲੋਕ ਅਤੇ ਰਿਸ਼ਤੇਦਾਰ ਇਕਠੇ ਹੋ ਗਏ।

ਸੇਠ ਨੇ ਕਿਹਾ ਕਿ ਜੋ ਵੀ ਸਾਧੂ ਰਾਮ ਦਾ ਅਸਲੀ ਬੇਟਾ ਜਾਂ ਰਿਸ਼ਤੇਦਾਰ ਹੈ, ਉਹ ਕਰਜ਼ੇ ਦੇ ਪੈਸੇ ਮੋੜ ਦੇਵੇ ਅਤੇ ਸਸਕਾਰ ਕਰ ਦਿੱਤਾ ਜਾਵੇ।

ਸੋਰ ਸੁਣਕੇ ਇੱਕ 30/35 ਸਾਲਾਂ ਦੀ ਔਰਤ ਆਕੇ ਉਸ ਸੇਠ ਦੇ ਪੈਰਾਂ ਵਿੱਚ ਡਿੱਗ ਪਈ ਅਤੇ ਹੱਥ ਜੋੜ ਕੇ ਬੋਲੀ ਕਿ ਉਹ ਹੁਣੇ ਆਈ।

ਉਹ ਰੋਂਦੀ ਕੁਰਲਾਉਂਦੀ ਆਪਣੇ ਘਰ ਵਲ ਦੌੜੀ ਅਤੇ ਕੁਝ ਮਿੰਟਾਂ ਬਾਅਦ ਇੱਕ ਬੈਗ ਲੈਕੇ ਆਈ ਉਸ ਵਿਚੋਂ ਸੋਨੇ ਚਾਂਦੀ ਦੇ ਗਹਿਣੇ, 100/500/1000 ਰੁਪੈ ਦੇ ਨੋਟ ਕੁੱਝ ਚੰਗੀ ਕਿਸਮ ਦੇ ਕੀਮਤੀ ਕਪੜੇ ਲਿਆ ਕੇ ਸੇਠ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਮੁਲ ਲਗਾ ਲਵੋ ਅੰਕਲ ਜੀ। ਬਾਕੀ ਪੈਸੇ ਉਹ ਆਪਣਾ ਮਕਾਨ ਵੇਚਕੇ ਦੇ ਦੇਵੇਗੀ ਪਰ ਉਨ੍ਹਾਂ ਦੇ ਪਿਆਰੇ ਪਿਤਾ ਜੀ ਦਾ ਸਸਕਾਰ ਨਾ ਰੋਕਿਆ ਜਾਵੇ। ਅਤੇ ਉਹ ਸੇਠ ਦੇ ਪੈਰਾਂ ਵਿੱਚ ਡਿੱਗ ਪਈ। ਸੇਠ ਨੇ ਉਸ ਨੂੰ ਖੜੇ ਕੀਤਾ ਅਤੇ ਜਫੀ ਵਿਚ ਲੈਕੇ ਅੱਖਾਂ ਸਾਫ ਕਰਦੇ ਹੋਏ ਬੋਲਿਆ ਬੇਟੀ ਤੂੰ ਹੀ ਸਾਧੂ ਰਾਮ ਜੀ ਦੀ ਅਸਲੀ ਬੇਟੀ ਹੈਂ। ਸ਼੍ਰੀ ਸਾਧੂ ਰਾਮ ਜੀ ਨੇ ਉਨ੍ਹਾਂ ਤੋਂ ਪੈਸੇ ਉਧਾਰ ਨਹੀਂ ਲਿਤੇ ਸਨ, ਸਗੋਂ ਉਸ ਸੇਠ ਨੇ ਸਾਧੂ ਰਾਮ ਜੀ ਤੋਂ 10 ਲੱਖ ਰੁਪਏ ਉਧਾਰ ਲਏ ਸਨ। ਇਸ ਲਈ ਉਹ ਸਾਧੂ ਰਾਮ ਜੀ ਦੇ ਅਸਲੀ ਵਾਰਿਸ ਨੂੰ ਮਿਲਣ ਅਤੇ ਪੈਸੇ ਵਾਪਿਸ ਕਰਨ ਲਈ ਝੂਠ ਬੋਲਿਆ ਸੀ। ਉਸ ਨੇ ਆਪਣੀ ਕਾਰ ਵਿੱਚੋਂ ਬੈਗ ਕਢਿਆ ਅਤੇ ਉਸ ਲੜਕੀ ਨੂੰ ਦਿੰਦੇ ਹੋਏ ਹਥ ਜੋੜ ਕੇ ਮਾਫ਼ੀ ਮੰਗੀ। ਸਾਰੇ ਲੋਕ ਰਿਸ਼ਤੇਦਾਰ ਉਸ ਬੇਟੀ ਵੱਲ ਹੱਥ ਜੋੜ ਕੇ ਦੇਖ ਰਹੇ ਸਨ।

**-ਵਲੋਂ ਪ੍ਰਿੰਸੀਪਲ ਸ਼੍ਰੀਮਤੀ ਮਨਦੀਪ ਕੌਰ ਅੰਟਾਲ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ**

# ਟੀਐਸਸੀਏ ਦੀ ਮਾਸਿਕ ਮੀਟਿੰਗ ਸੈਕਟਰ-35 ਕਮਿਊਨਿਟੀ ਸੈਂਟਰ ਵਿੱਚ ਆਯੋਜਿਤ ਕੀਤੀ ਗਈ

**ਪੈ.ਗਾਮ-ਏ-ਜਗਤ**
**ਚੰਡੀਗੜ੍ਹ (ਹਰਮਿੰਦਰ ਨਾਗਪਾਲ)**



ਟੀਐਸਸੀਏ ਦੀ ਮਾਸਿਕ ਮੀਟਿੰਗ ਸੈਕਟਰ-35 ਸਥਿਤ ਕਮਿਊਨਿਟੀ ਸੈਂਟਰ ਵਿੱਚ ਸਵੇਰੇ 11 ਵਜੇ ਸ਼ੁਰੂ ਹੋਈ। ਮੀਟਿੰਗ ਦੀ ਸ਼ੁਰੂਆਤ ਰਾਸ਼ਟਰ ਗਾਨ ‘ਜਨ ਗਣ ਮਨ’ ਨਾਲ ਕੀਤੀ ਗਈ।

ਇਸ ਮੌਕੇ ਪ੍ਰਧਾਨ ਸ਼੍ਰੀਮਤੀ ਰਾਜਿੰਦਰ ਕੌਰ ਨਿੰਮੀ ਨੇ ਸਾਰੇ ਮੈਂਬਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਇਸ ਤੋਂ ਬਾਅਦ ਸ੍ਰੀ ਡੀ.ਪੀ. ਸਿੰਘ, ਸਾਬਕਾ ਸੀ.ਓ., ਤਖ਼ਤ ਸ੍ਰੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਸਾਬਕਾ ਡੀ.ਜੀ.ਐਮ., ਪੰਜਾਬ ਐਂਡ ਸਿੰਧ ਬੈਂਕ ਐਂਡ ਬ੍ਰਾਂਚ ਇੰਚਾਰਜ 13-ਹੀ-13 ਮੈਡੀਕਲ ਦਾ ਪ੍ਰਧਾਨ ਮਹੋਦਯਾ, ਗਵਰਨਿੰਗ ਦੇ ਸਾਰੇ ਮੈਂਬਰਾਂ ਅਤੇ ਸ਼੍ਰੀਮਤੀ ਜੀਤਾ ਓਬਰਾਏ ਜੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਸ਼੍ਰੀਮਤੀ ਪ੍ਰੇਮ ਲਤਾ ਕੌਂਸਲਰ ਦਾ ਵੀ ਮੀਟਿੰਗ ਦੌਰਾਨ ਨਿੱਘਾ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਮੈਂਬਰਾਂ ਵੱਲੋਂ ਗੀਤ ਪੇਸ਼ ਕੀਤੇ ਗਏ ਅਤੇ ਆਪਸੀ ਮੇਲ-ਜੋਲ ਨੂੰ ਵਧਾਉਣ ਲਈ ਤੰਬੋਲਾ ਖੇਡ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਹਾਜ਼ਰ ਮੈਂਬਰਾਂ ਲਈ ਗਰਮ ਕਚੌਰੀਆਂ, ਬਰਫ਼ੀ ਅਤੇ ਚਾਹ ਦਾ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਸਰਦਾਰ ਡੀ.ਪੀ. ਸਿੰਘ ਜੀ ਵੱਲੋਂ 13-ਹੀ-13 ਮਿਸ਼ਨ ਤਹਿਤ ਪ੍ਰਧਾਨ ਸ਼੍ਰੀਮਤੀ ਰਾਜਿੰਦਰ ਕੌਰ ਨਿੰਮੀ ਜੀ ਦੇ ਜਨਮਦਿਨ ਦੀ ਖੁਸ਼ੀ ਸਾਂਝੀ ਕਰਦਿਆਂ ਗਵਰਨਿੰਗ ਬਾਡੀ ਦੇ ਮੈਂਬਰਾਂ ਨੂੰ ਸਤੰਬਰ ਮਹੀਨੇ ਦੇ ਜਨਮਦਿਨ ਵਾਲੇ 29 ਮੈਂਬਰਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਵਿਸ਼ੇਸ਼ ਕਿੱਟਾਂ ਵੰਡੀਆਂ ਗਈਆਂ। ਇਨ੍ਹਾਂ ਕਿੱਟਾਂ ਵਿੱਚ ਵਿਟਾਮਿਨ ਦਵਾਈਆਂ ਦੇ ਬਕਸੇ, ਨਿੰਬੂ ਪਾਣੀ ਦੇ ਓ.ਆਰ.ਐਸ. ਪੈਕੇਟ, ਦੰਦਾਂ ਦੀ ਸਫ਼ਾਈ ਲਈ ਟੂਥਪੇਸਟ ਤੇ ਬੁਰਸ਼, ਟੌਫ਼ੀਆਂ ਅਤੇ ਗੈਸ ਤੋਂ ਰਾਹਤ ਲਈ ਦਵਾਈਆਂ ਆਦਿ ਸ਼ਾਮਲ ਸਨ।

ਇਸ ਦੌਰਾਨ ਸਰਦਾਰ ਸਤਨਾਮ ਸਿੰਘ ਨੰਮੀ ਵੱਲੋਂ ਵਿਸ਼ੇਸ਼ ਕੇਕ ਲਿਆਂਦਾ ਗਿਆ। ਕੇਕ ਕੱਟ ਕੇ ਹਾਜ਼ਰ ਸਾਰੇ ਮੈਂਬਰਾਂ ਵਿੱਚ ਵੰਡਿਆ ਗਿਆ। ਇਸ ਤੋਂ ਬਾਅਦ ਮੈਂਬਰਾਂ ਲਈ ਲੰਚ ਦਾ ਵੀ ਪ੍ਰਬੰਧ ਕੀਤਾ ਗਿਆ।

ਮੀਟਿੰਗ ਦੇ ਅੰਤ ਵਿੱਚ ਸਰਦਾਰ ਡੀ.ਪੀ. ਸਿੰਘ ਜੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ। ਇਸ ਮੌਕੇ ਦੀਪਕ ਨੇ ਮੰਚ ਦਾ ਬਾਖ਼ੂਬੀ ਸੰਚਾਲਨ ਕੀਤਾ। ਗਵਰਨਿੰਗ ਬਾਡੀ ਵੱਲੋਂ ਸਰਦਾਰ ਦਿਲਬਾਗ ਸਿੰਘ, ਸ਼੍ਰੀਮਤੀ ਪ੍ਰਿਤਪਾਲ ਕੌਰ, ਸ਼੍ਰੀ ਰਵਿੰਦਰ ਨਾਥ, ਐਸ. ਮੋਹਨ ਸਿੰਘ, ਸ਼੍ਰੀ ਮਨੋਚਾ ਜੀ ਅਤੇ ਲਵ ਮਲਹੋਤਰਾ, ਸ਼੍ਰੀਮਤੀ ਕੰਤਾ ਸਿੱਕਰੀ ਜੀ ਸਮੇਤ ਹੋਰ ਮੈਂਬਰਾਂ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ।

# ਅਨਿਲ ਵਿਜ ਨੇ ਪ੍ਰਧਾਨ ਮੰਤਰੀ ਦੀ ਨਕਲ ਕਰਨ ਲਈ ਰਾਹੁਲ ਗਾਂਧੀ ’ਤੇ ਤਿੱਖਾ ਹਮਲਾ ਕੀਤਾ

**ਪੈ.ਗਾਮ-ਏ-ਜਗਤ**
**ਅੰਬਾਲਾ, 21 ਸਤੰਬਰ (ਆਰ.ਸਿੰਘ)**

ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਇੰਦੌਰ ਵਿੱਚ ÷ਛਾਤਰੋਂ ਕੀ ਗੂੰਜ÷ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਕਲ ਕਰਨ ਅਤੇ ਉਨ੍ਹਾਂ ਦੀ ਮਾਂ ’ਤੇ ਟਿੱਪਣੀ ਕਰਨ ਲਈ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਭਾਰਤੀ ਸਭਿਆਚਾਰ ਨੂੰ ਨਹੀਂ ਸਮਝਦੇ, ਮਾਵਾਂ ਦੇ ਸਥਾਨ ਨੂੰ ਨਹੀਂ ਸਮਝਦੇ ਅਤੇ ਵਿਦਿਆਰਥੀਆਂ ਵਿੱਚ ਚੰਗੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦੀ ਬਜਾਏ ਉਨ੍ਹਾਂ ਨੂੰ ਵਿਗਾੜ ਰਹੇ ਹਨ ਤਾਂ ਜੋ ਉਹ ਵੀ ਜਾ ਕੇ ਆਪਣੀਆਂ ਮਾਂਵਾਂ ਦਾ ਅਪਮਾਨ ਕਰਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਇਸ ਸਮੇਂ ਰਾਹੁਲ ਗਾਂਧੀ ਇੱਧਰ-ਉੱਧਰ ਭੱਜ ਰਹੇ ਹਨ ਅਤੇ ਉਹ ਸੋਚਦੇ ਹਨ ਕਿ ਇਸ ਨਾਲ ਉਨ੍ਹਾਂ ਦਾ ਰਾਜਨੀਤਿਕ ਕੱਦ ਵਧੇਗਾ ਪਰ ਲੋਕਤੰਤਰ ਵਿੱਚ ਰਾਜਨੀਤਿਕ ਕੱਦ ਦਾ ਅਰਥ ਵੋਟਾਂ ਹੁੰਦਾ ਹੈ ਅਤੇ ਰਾਹੁਲ ਨੌਜਵਾਨਾਂ ਦੇ ਪਿੱਛੇ ਭੱਜ ਰਹੇ ਹਨ ਜਿਸ ਦੇ ਨਤੀਜੇ ਵਜੋਂ ਏਬੀਵੀਪੀ ਨੇ ਦਿੱਲੀ ਯੂਨੀਵਰਸਿਟੀ ਚੋਣਾਂ ਵਿੱਚ ਉਨ੍ਹਾਂ ਦੇ ਉਮੀਦਵਾਰ ਨੂੰ ਹਰਾ ਕੇ ਪੰਜਾਬ ਯੂਨੀਵਰਸਿਟੀ ਵਿੱਚ ਚੋਣਾਂ ਜਿੱਤ ਕੇ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੱਤਾ ਹੈ। ਵਿਜ ਨੇ ਕਿਹਾ ਕਿ ਇਹ ਨੌਜਵਾਨ ਬਹੁਤ ਬੁੱਧੀਮਾਨ ਹਨ। ਰਾਹੁਲ ਨੂੰ ਗ਼ਲਤਫ਼ਹਿਮੀ ਹੈ। ਲੋਕ ਉਸ ਦਾ ਚਿਹਰਾ ਦੇਖਣ ਆਉਂਦੇ ਹਨ ਪਰ ਉਸ ਦੇ ਨਾਲ ਨਹੀਂ ਹਨ ਕਿਉਂਕਿ ਕੋਈ ਵੀ ਡੁੱਬਦੇ ਜਹਾਜ਼ ’ਤੇ ਸਵਾਰ ਨਹੀਂ ਹੋਣਾ ਚਾਹੁੰਦਾ ਅਤੇ ਕਾਂਗਰਸ ਦਾ ਜਹਾਜ਼ ਡੁੱਬ ਰਿਹਾ ਹੈ।



ਕਾਂਗਰਸ ਵਿਧਾਇਕ ਡਾ. ਐਚ.ਡੀ. ਰੰਗਨਾਥ ਦੇ ਇਸ ਦੋਸ਼ ਦਾ ਜਵਾਬ ਦਿੰਦੇ ਹੋਏ ਕਿ ਭਾਜਪਾ ਨੇ ਕਦੇ ਵੀ ਭਾਰਤੀ ਰਾਸ਼ਟਰੀ ਗੀਤ ਦਾ ਸਤਿਕਾਰ ਨਹੀਂ ਕੀਤਾ, ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ, ਅਸੀਂ ਰਾਸ਼ਟਰੀ ਝੰਡਾ ਲਹਿਰਾਉਂਦੇ ਹਾਂ, ਰਾਸ਼ਟਰ ਗਾਣ ਗਾਉਂਦੇ ਹਾਂ ਅਤੇ ਰਾਸ਼ਟਰੀ ਗੀਤ ਵੀ ਗਾਉਂਦੇ ਹਾਂ। ਹੁਣ ਸਿਰਫ਼ ਉਹੀ ਜਾਣਦੇ ਹਨ ਕਿ ਉਨ੍ਹਾਂ ਦੀ ਦੁਨੀਆ ਵਿੱਚ ਕੀ ਹੋ ਰਿਹਾ ਹੈ ਪਰ ਸਾਡੀ ਦੁਨੀਆ ਵਿੱਚ ਸਭ ਕੁਝ ਠੀਕ ਹੈ। ਮੰਤਰੀ ਵਿਜ ਨੇ ਅੱਗੇ ਕਿਹਾ ਕਿ ਭਾਜਪਾ ਨੇ ਕਦੇ ਵੀ ਮਹਾਤਮਾ ਗਾਂਧੀ ਦੇ ਕਾਤਲ ਦਾ ਜ਼ਿਕਰ ਨਹੀਂ ਕੀਤਾ। ਕਾਂਗਰਸ ਪਾਰਟੀ ਨੇ ਐਸਆਈਆਈਆਰ ਰਾਹੀਂ ਅਸਾਧਾਰਨ ਤੌਰ ’ਤੇ ਵੱਡੀ ਗਿਣਤੀ ਵਿੱਚ ਵੋਟਰ ਮਿਟਾਉਣ ’ਤੇ ਚਿੰਤਾ ਪ੍ਰਗਟ ਕੀਤੀ ਹੈ।

ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਐਸਆਈਆਈਆਰ ਨਿਰਪੱਖ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਦੀ ਇੱਕ ਪਹਿਲ ਹੈ, ਇਸ ਵਿੱਚ ਕੋਈ ਸਰਕਾਰੀ ਦਖ਼ਲਅੰਦਾਜ਼ੀ ਨਹੀਂ ਹੈ ਅਤੇ ਇਹ ਚੋਣ ਕਮਿਸ਼ਨ ਦਾ ਫ਼ਰਜ਼ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਿਰਫ਼ ਸੱਚੇ ਵੋਟਰ ਹੀ ਆਪਣੀ ਵੋਟ ਪਾਉਣ। ਐਸਆਈਆਈਆਰ ਉਨ੍ਹਾਂ ਲੋਕਾਂ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਦੂਜੇ ਦੇਸ਼ਾਂ ਤੋਂ ਲਿਆਂਦੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਜਿਨ੍ਹਾਂ ਦੀ ਨਾਗਰਿਕਤਾ ਸ਼ੱਕੀ ਹੈ।

# ਫ੍ਰੀ ਪਾਰਕਿੰਗ ਦਾ ਮੁੱਦਾ ਮੁੜ ਉਠਾਏਗੀ ਆਮ ਆਦਮੀ ਪਾਰਟੀ, ਪ੍ਰੀ-ਹਾਊਸ ਮੀਟਿੰਗ ਵਿੱਚ ਲਿਆ ਫੈਸਲਾ

**ਪੈ.ਗਾਮ-ਏ-ਜਗਤ**
**ਚੰਡੀਗੜ੍ਹ, 21 ਸਤੰਬਰ**
**(ਹਰਮਿੰਦਰ ਸਿੰਘ ਨਾਗਪਾਲ)**



ਆਮ ਆਦਮੀ ਪਾਰਟੀ ਚੰਡੀਗੜ੍ਹ ਦੇ ਲੋਕਾਂ ਲਈ ਫ?ਰੀ ਪਾਰਕਿੰਗ ਦੇ ਆਪਣੇ ਪਹਿਲਾਂ ਪਾਸ ਕੀਤੇ ਪ੍ਰਸਤਾਵ ਨੂੰ ਲਾਗੂ ਕਰਵਾਉਣ ਲਈ ਇੱਕ ਵਾਰ ਫਿਰ ਨਗਰ ਨਿਗਮ ਹਾਊਸ ਵਿੱਚ ਆਵਾਜ਼ ਉਠਾਏਗੀ। ਸੋਮਵਾਰ ਨੂੰ ਹੋਈ ਆਪ ਦੀ ਪ੍ਰੀ-ਹਾਊਸ ਮੀਟਿੰਗ ਵਿੱਚ ਇਸ ਮੁੱਦੇ ’ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਤੈਅ ਕੀਤਾ ਗਿਆ ਕਿ 22 ਸਤੰਬਰ ਨੂੰ ਹੋਣ ਵਾਲੀ ਜਨਰਲ ਹਾਊਸ ਮੀਟਿੰਗ ਵਿੱਚ ਫ੍ਰੀ ਪਾਰਕਿੰਗ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ।

ਆਪ ਮੇਅਰ ਕੁਲਦੀਪ ਕੁਮਾਰ ਧਲੋਰ ਦੇ ਕਾਰਜਕਾਲ ਦੌਰਾਨ ਸ਼ਹਿਰ ਦੇ ਮਾਰਕੀਟ ਪਾਰਕਿੰਗ ਸਥਾਨਾਂ ’ਤੇ ਸਾਰੇ ਵਾਹਨਾਂ ਲਈ ਪਾਰਕਿੰਗ ਫੀਸ ਮੁਆਫ਼ ਕਰਨ ਦਾ ਪ੍ਰਸਤਾਵ ਨਗਰ ਨਿਗਮ ਹਾਊਸ ਵਿੱਚ ਪਾਸ ਕੀਤਾ ਗਿਆ ਸੀ। ਹਾਲਾਂਕਿ, ਬਾਅਦ ਵਿੱਚ ਯੂਟੀ ਪ੍ਰਸ਼ਾਸਨ ਵੱਲੋਂ ਇਸ ਪ੍ਰਸਤਾਵ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ।

ਹੁਣ ਆਪ ਇਸ ਪਹਿਲਾਂ ਪਾਸ ਕੀਤੇ ਪ੍ਰਸਤਾਵ ਨੂੰ ਲਾਗੂ ਕਰਵਾਉਣ ਦੀ ਮੰਗ ਮੁੜ ਹਾਊਸ ਦੇ ਸਾਹਮਣੇ ਰੱਖੇਗੀ, ਤਾਂ ਜੋ ਚੰਡੀਗੜ੍ਹ ਦੇ ਲੋਕਾਂ ਨੂੰ ਪਾਰਕਿੰਗ ਫੀਸ ਤੋਂ ਰਾਹਤ ਮਿਲ ਸਕੇ। ਇਹ ਮੁੱਦਾ ਅਜਿਹੇ ਸਮੇਂ ਮੁੜ ਸਾਹਮਣੇ ਆਇਆ ਹੈ ਜਦੋਂ 22 ਸਤੰਬਰ ਦੀ ਜਨਰਲ ਹਾਊਸ ਮੀਟਿੰਗ ਵਿੱਚ ਸੈਕਟਰ 17 ਦੀਆਂ 20 ਪੇਡ ਪਾਰਕਿੰਗ ਸਾਈਟਾਂ ਲਈ ਰਿਵਾਈਜ਼ਡ ਪਾਰਕਿੰਗ ਫੀਸ ਸਟਰਕਚਰ ਦਾ ਪ੍ਰਸਤਾਵ ਵੀ ਰੱਖਿਆ ਜਾਣਾ ਹੈ। ਪ੍ਰਸਤਾਵ ਅਨੁਸਾਰ ਦੋਪਹੀਆ ਵਾਹਨਾਂ ਲਈ 10 ਅਤੇ ਕਾਰਾਂ ਤੇ ਤਿੰਨ-ਪਹੀਆ ਵਾਹਨਾਂ ਲਈ 20 ਤੱਕ ਫੀਸ ਪ੍ਰਸਤਾਵਿਤ ਕੀਤੀ ਗਈ ਹੈ। ਆਪ ਦਾ ਕਹਿਣਾ ਹੈ ਕਿ ਜਿਸ ਫ੍ਰੀ ਪਾਰਕਿੰਗ ਦੇ ਪ੍ਰਸਤਾਵ ਨੂੰ ਨਗਰ ਨਿਗਮ ਹਾਊਸ ਪਹਿਲਾਂ ਹੀ ਪਾਸ ਕਰ ਚੁੱਕਾ ਹੈ, ਉਸ ਨੂੰ ਲਾਗੂ ਕਰਵਾਉਣ ਲਈ ਪਾਰਟੀ ਕੱਲ੍ਹ ਹਾਊਸ ਵਿੱਚ ਮਜ਼ਬੂਤੀ ਨਾਲ ਆਪਣੀ ਗੱਲ ਰੱਖੇਗੀ। ਸੋਮਵਾਰ ਨੂੰ ਹੋਈ ਪ੍ਰੀ-ਹਾਊਸ ਮੀਟਿੰਗ ਵਿੱਚ ਆਪ ਚੰਡੀਗੜ੍ਹ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰੇਮ ਗਰਗ, ਲੀਡਰ ਆਫ਼ ਓਪੋਜ਼ੀਸ਼ਨ ਹਰਦੀਪ ਸਿੰਘ ਬੁਟੇਰਲਾ, ਸਾਬਕਾ ਮੇਅਰ ਕੁਲਦੀਪ ਕੁਮਾਰ ਧਲੋਰ, ਚੀਫ਼ ਸਪੋਕਸਪਰਸਨ ਯੋਗੇਸ਼ ਢੀਂਗਰਾ, ਜਸਬੀਰ ਸਿੰਘ ਲੱਡੀ, ਜਸਵਿੰਦਰ ਕੌਰ, ਰੂਰਲ ਵਿੰਗ ਦੇ ਪ੍ਰਧਾਨ ਜਗਪਾਲ ਜੱਗਾ ਅਤੇ ਆਬਜ਼ਰਵਰ ਵਿਨੀਤ ਵਰਮਾ ਮੌਜੂਦ ਰਹੇ। ਮੀਟਿੰਗ ਦੌਰਾਨ ਆਉਣ ਵਾਲੀ ਜਨਰਲ ਹਾਊਸ ਮੀਟਿੰਗ ਵਿੱਚ ਉਠਾਏ ਜਾਣ ਵਾਲੇ ਵੱਖ-ਵੱਖ ਜਨਤਕ ਮੁੱਦਿਆਂ ’ਤੇ ਵੀ ਚਰਚਾ ਕੀਤੀ ਗਈ।

# ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਦਵਾਈਆਂ ਦੇ ਪ੍ਰਭਾਵਾਂ ਸਬੰਧੀ ਲੜੀਵਾਰ ਸੈਮੀਨਰ ਕਰਵਾਇਆ

**ਪੈ.ਗਾਮ-ਏ-ਜਗਤ**
**ਫ਼ਰੀਦਕੋਟ (ਸ਼ਿਵਨਾਥ)**



ਫਾਰਮਾਕੋਵਿਜੀਲੈਂਸ-ਮਰੀਜ਼ਾਂ ਦੀ ਸੁਰੱਖਿਆ ਹਫਤਾ-(17 ਸਤੰਬਰ ਤੋਂ 23 ਸਤੰਬਰ) ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਮਨਾਇਆ ਗਿਆ ਹੈ। ਇੰਡੀਅਨ ਫਾਰਮਾਕੋਪੀਆਂ ਕਮਿਸ਼ਨ, ਗਾਜ਼ੀਆਬਾਦ, ਦੇ ਸਹਿਯੋਗ ਨਾਲ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਦੇ ਵਾਈਸ ਚਾਂਸਲਰ ਡਾਂ ਰਜਿੰਦਰ ਬਾਂਸਲ ਜੀ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ਼ ਦੇ ਫਾਰਮਾਕਾਲੋਜੀ ਦੇ ਵਿਭਾਗ ਵੱਲੋ ਯੂਨੀਵਰਸਿਟੀ ਕਾਲਜ਼ ਆਫ ਫਾਰਮੇਸੀ ਅਤੇ ਐਲਾਈਡ ਹੈਲਥ ਸਾਇੰਸਿਜ਼ ਕਾਲਜ ਫਰੀਦਕੋਟ ਵਿਖੇ ਦਵਾਈਆਂ ਦੇ ਪ੍ਰਭਾਵ ਅਤੇ ਬੁਰੇ ਪ੍ਰਭਾਵ ਸਬੰਧੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ, ਵਿਖੇ ਕਰਵਾਇਆ ਗਿਆ। ਦਵਾਈਆਂ ਦੇ ਦੁਸ਼ ਪ੍ਰਭਾਵ ਬਾਰੇ ਐਮ.ਬੀ.ਬੀ.ਐਸ, ਫਾਰਮੇਸੀ ਅਤੇ ਨਰਸਿੰਗ ਵਿਦਿਆਰਥੀਆਂ ਦੇ ਲਈ ਲੜੀਵਾਰ ਵਰਕਸ਼ਾਪ ਮਾਨਯੋਗ ਪ੍ਰਿੰਸੀਪਲ ਸਾਹਿਬ ਡਾ. ਸੀਮਾ ਭੱਟੀ ਦੀ ਨਿਗਰਾਨੀ ਹੇਠ ਕੀਤੀ ਗਈ ਹੈ। ਇਸ ਦੌਰਾਨ ਉਹਨਾਂ ਨੇ ਮੈਡੀਕਲ, ਫਾਰਮੇਸੀ, ਨਰਸਿੰਗ, ਡਿਪਲੋਮਾ ਕੋਰਸਾਂ ਦੇ ਵਿਦਿਆਰਥੀਆਂ ਅਤੇ ਆਮ ਲੋਕਾਂ ਵਾਸਤੇ ਸੂਚਨਾਂ ਪੱਤਰ ਜਾਰੀ ਕੀਤਾ ਉਹਨਾਂ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਹਸਪਤਾਲ ਵਿਖੇ ਇਸ ਹਫਤੇ ਇਸ ਤਰ੍ਹਾਂ ਦੇ ਲੜੀਵਾਰ ਸੈਮੀਨਰ ਕਰਵਾਏ ਜਾ ਰਹੇ ਹਨ।

ਕਾਲਜ ਦੇ ਪ੍ਰਿੰਸੀਪਲ ਡਾ ਸੀਮਾ ਭੱਟੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਹਨਾਂ ਨੇ ਦਵਾਈਆਂ ਦੇ ਬੁਰੇ ਪ੍ਰਭਾਵ ਬਾਰੇ ਜਾਣਕਾਰੀ ਦਿੰਦੇ ਹੋਏ ਦਸਿਆਂ ਕਿ ਦਵਾਈਆਂ ਦੇ ਬੁਰੇ ਪ੍ਰਭਾਵ ਦਾ ਰਿਕਾਰਡ ਰੱਖਣਾ ਜਰੂਰੀ ਹੈ । ਐਮ.ਬੀ.ਬੀ.ਐਸ, ਨਰਸਿੰਗ, ਫਾਰਮੇਸੀ ਅਤੇ ਐਲਾਇਡ ਹੈਲਥ ਸਾਇੰਸਜ਼ ਦੇ ਵਿਦਿਆਰਥੀਆਂ ਨੇ ਪੋਸਟਰ ਅਤੇ ਰੰਗੋਲੀ ਪ੍ਰਤੀਯੋਗਿਤਾ/ ਕੰਪਲੀਈਸ਼ਨ ਵਿੱਚ ਹਿੱਸਾ ਲਿਆ।

ਡਾਕਟਰ/ਪ੍ਰੋਫੈਸਰ ਰਾਜ ਕੁਮਾਰ ਕ_ ਆ ਰ ਡ ੀ ਨ ੇ ਟ ਰ ਫਾਰਮਾਕੋਵਿਜੀਲੈਂਸ ਗੁਰੂ ਗੋਬਿੰਦ ਸਿੰਘ ਹਸਪਤਾਲ ਅਤੇ ਮੈਡੀਕਲ ਕਾਲਜ਼ ਨੇ ਇਸ ਸਬੰਧ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਹੈ ਕਿ ਇੰਡੀਅਨ ਫ਼ਾਰਮਾਕੋਪੀਆਂ ਕਮਿਸ਼ਨ, ਗਾਜ਼ੀਆਬਾਦ ਦੀਆਂ ਹਦਾਇਤਾਂ ਅਨੁਸਾਰ ਇਹ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਤਾਂ ਜੋ ਦਵਾਈਆਂ ਦੇ ਜਿੱਥੇ ਲਾਭਦਾਇਕ ਅਸਰ ਹੁੰਦਾ ਹੈ ਉਸ ਦੇ ਨਾਲ ਹੀ ਇਨ੍ਹਾਂ ਦੇ ਬੁਰੇ ਪ੍ਰਭਾਵ ਵੀ ਹੁੰਦੇ ਹਨ । ਜਿਸ ਬਾਰੇ ਜਾਣਕਾਰੀ ਡਾਕਟਰਾਂ, ਨਰਸਿੰਗ ਸਟਾਫ,ਫਾਰਮਾਸਿਸਟਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਹੋਣੀ ਚਾਹੀਦੀ ਹੈ । ਇਸ ਦੌਰਾਨ ਲੜੀਵਾਰ ਸੈਮੀਨਾਰ ਨੂੰ ਨਪੇੜ੍ਹੇ ਚਾੜ੍ਹਨ ਲਈ ਡਾ ਸੁਮੀਰ ਕੁਮਾਰ,ਪ੍ਰੋਫੈਸਰ ਅਤੇ ਮੁੱਖੀ (ਚਮੜੀ ਵਿਭਾਗ), ਡਾ ਸੁਮੀਤ ਪ੍ਰੰਨਜਾਂ, ਪ੍ਰੋਫੈਸਰ ਅਤੇ ਮੁੱਖੀ(ਨੱਕ ਅਤੇ ਗਲਾ ਵਿਭਾਗ),ਡਾ ਸੁਮੀਤਪਾਲ ਸਿੰਘ ਚਾਵਲਾ (ਪ੍ਰੋਫੈਸਰ ਮੈਡੀਸਨ),ਡਾ ਹਨੀ ਗੋਇਲ (ਫਾਰਮੇਸੀ ਵਿਭਾਗ), ਡਾ ਸੰਦੀਪ ਗੋਇਲ (ਫਾਰਮੇਸੀ ਵਿਭਾਗ), ਡਾ ਅਰਚਨਾ ਸਾਹੀ ( ਅਲਾਈਡ ਹੈਲਥ ਸੈਂਟਰ) ਅਤੇ ਡਾ ਕਮਲਪ੍ਰੀਤ ਕੌਰ, ਡਾ ਅਮਿਤਾ ਜਿੰਦਲ, ਡਾ ਨਗਮਾ ਬਾਂਸਲ, ਡਾ ਰਿਤੂ ਬਾਲਾ, ਡਾ ਸਨਾ ਗਰੇਸ ਅਤੇ ਪੀ.ਜੀ ਵਿਦਿਆਰਥੀਆਂ, ਫਾਰਮਾਕਾਲੋਜੀ ਵਿਭਾਗ ਨੇ ਆਪਣਾ ਯੋਗਦਾਨ ਦਿੱਤਾ।

# ਖੇਡਾਂ ਨੂੰ ਉਤਸ਼ਾਹਿਤ ਕਰ ਰਹੀ ਸੁੱਖੂ ਸਰਕਾਰ, ਸਹੂਲਤਾਂ ਦੇ ਵਿਸਥਾਰ ’ਤੇ ਜ਼ੋਰ : ਵਿਵੇਕ ਸ਼ਰਮਾ

**ਬੰਗਾਣਾ/ਊਨਾ, 21 ਸਤੰਬਰ**
**(ਪੈ.ਗਾਮ-ਏ-ਜਗਤ)**




ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸੁੱਖੂ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ ਅਤੇ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ’ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਗੱਲ ਕੁਟਲੈਹੜ ਦੇ ਵਿਧਾਇਕ ਵਿਵੇਕ

**• ਧਮਾਂਦਰੀ ਵਿੱਚ ਅੰਡਰ-14 ਵਿਦਿਆਰਥਣਾਂ ਦੀ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਸ਼ੁਰੂ, ਕਬੱਡੀ ਦੇ ਨਵੇਂ ਮੈਟ ਲਈ 2 ਲੱਖ ਦੇਣ ਦਾ ਐਲਾਨ**

ਸ਼ਰਮਾ ਨੇ ਸੋਮਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਂਦਰੀ ਵਿੱਚ ਅੰਡਰ-14 ਵਿਦਿਆਰਥਣਾਂ ਦੀ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਦਾ ਉਦਘਾਟਨ ਕਰਦਿਆਂ ਕਹੀ। ਇਸ ਮੌਕੇ ਉਨ੍ਹਾਂ ਨੇ ਸਕੂਲ ਵਿੱਚ ਕਬੱਡੀ ਲਈ ਨਵੇਂ ਮੈਟ ਮੁਹੱਈਆ ਕਰਵਾਉਣ ਲਈ 2 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

23 ਸਤੰਬਰ ਤੱਕ ਚੱਲਣ ਵਾਲੇ ਇਸ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਪੰਜ ਬਲਾਕਾਂ ਤੋਂ 421 ਵਿਦਿਆਰਥਣਾਂ ਹਿੱਸਾ ਲੈ ਰਹੀਆਂ ਹਨ। ਮੁਕਾਬਲੇ ਵਿੱਚ ਵਾਲੀਬਾਲ, ਕਬੱਡੀ, ਜੂਡੋ, ਖੋ-ਖੋ, ਹੈਂਡਬਾਲ, ਕੁਸ਼ਤੀ, ਹਾਕੀ, ਟੇਬਲ ਟੈਨਿਸ ਅਤੇ ਬਾਸਕਟਬਾਲ ਦੇ ਮੁਕਾਬਲੇ ਹੋਣਗੇ।

ਵਿਵੇਕ ਸ਼ਰਮਾ ਨੇ ਕਿਹਾ ਕਿ ਸੂਬਾ ਸਰਕਾਰ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਵੱਖ-ਵੱਖ ਪੱਧਰਾਂ ’ਤੇ ਖੇਡ ਮੁਕਾਬਲੇ ਕਰਵਾਉਣ ਅਤੇ ਖੇਡ ਸਹੂਲਤਾਂ ਦੇ ਵਿਕਾਸ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਨਿਰਮਾਣ ਦਾ ਵੀ ਮਜ਼ਬੂਤ ਸਾਧਨ ਹਨ। ਖੇਡਾਂ ਨਾਲ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਅਗਵਾਈ ਦੀ ਸਮਰੱਥਾ ਅਤੇ ਟੀਮ ਭਾਵਨਾ ਵਿਕਸਿਤ ਹੁੰਦੀ ਹੈ ਅਤੇ ਉਹ ਚੁਣੌਤੀਆਂ ਦਾ ਸਾਹਮਣਾ ਕਰਨਾ ਸਿੱਖਦੇ ਹਨ। ਵਿਧਾਇਕ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਦੇਣ ਦਾ ਪ੍ਰਭਾਵਸ਼ਾਲੀ ਸਾਧਨ ਹਨ। ਉਨ੍ਹਾਂ ਨੇ ਭਾਗ ਲੈ ਰਹੀਆਂ ਵਿਦਿਆਰਥਣਾਂ ਨੂੰ ਪੂਰੀ ਖੇਡ ਭਾਵਨਾ ਨਾਲ ਮੁਕਾਬਲੇ ਵਿੱਚ ਹਿੱਸਾ ਲੈਣ ਅਤੇ ਜਿੱਤ-ਹਾਰ ਤੋਂ ਉੱਪਰ ਉੱਠ ਕੇ ਇੱਕ-ਦੂਜੇ ਦਾ ਸਨਮਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ ਰਾਹੀਂ ਬੱਚਿਆਂ ਵਿੱਚ ਆਪਸੀ ਪਿਆਰ, ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਵੀ ਮਜ਼ਬੂਤ ਹੁੰਦੀ ਹੈ।

ਉਨ੍ਹਾਂ ਨੇ ਵਿਦਿਆਰਥਣਾਂ ਨੂੰ ਨਸ਼ੇ ਵਰਗੀ ਸਮਾਜਿਕ ਬੁਰਾਈ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਨੌਜਵਾਨ ਆਪਣੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਗਾਉਣ ਅਤੇ ਖੇਡਾਂ ਰਾਹੀਂ ਆਪਣੇ ਭਵਿੱਖ ਨੂੰ ਸੰਵਾਰਨ। ਉਨ੍ਹਾਂ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਦੀਆਂ ਖੇਡ ਮੁਕਾਬਲਿਆਂ ਅਤੇ ਹੋਰ ਮੁਕਾਬਲਾਤਮਕ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਮਾਪਿਆਂ ਦਾ ਉਤਸ਼ਾਹ ਬੱਚਿਆਂ ਦਾ ਮਨੋਬਲ ਵਧਾਉਂਦਾ ਹੈ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ। ਇਸ ਮੌਕੇ ਵਿਧਾਇਕ ਨੇ ਮੁਕਾਬਲੇ ਵਿੱਚ ਭਾਗ ਲੈ ਰਹੀਆਂ ਖਿਡਾਰਨਾਂ ਨੂੰ ਰਿਫਰੈਸ਼ਮੈਂਟ ਲਈ 5,100 ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਕਾਂਗਰਸ ਮਹਾਂਮੰਤਰੀ ਰਮੇਸ਼ ਬੰਗਾ, ਜ਼ਿਲ੍ਹਾ ਪਰਿਸ਼ਦ ਮੈਂਬਰ ਸੁਮਿਤ ਸ਼ਰਮਾ, ਬੀਡੀਸੀ ਮੈਂਬਰ ਬਲਵਿੰਦਰ ਸਿੰਘ, ਪ੍ਰਧਾਨ ਸੁਦੇਸ਼ ਕੁਮਾਰੀ, ਉਪਨਿਰਦੇਸ਼ਕ ਮੁੱਢਲੀ ਸਿੱਖਿਆ ਊਨਾ ਸੋਮਲਾਲ ਧੀਮਾਨ, ਪ੍ਰਿੰਸੀਪਲ ਨਵੀਨ ਕੁਮਾਰ, ਐਸਐਮਸੀ ਪ੍ਰਧਾਨ ਮਨੋਜ ਕੁਮਾਰ, ਸਮਾਜ ਸੇਵੀ ਰਾਜਿੰਦਰ ਕੌਸ਼ਲ ਸਮੇਤ ਹੋਰ ਪਤਵੰਤੇ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਰਹੇ।

# ਚੰਡੀਗੜ੍ਹ ’ਚ ‘ਸੁਰੀਲਾ ਸ.ਫਰ 30’ 26 ਨੂੰ, 40 ਤੋਂ ਵੱਧ ਕਲਾਕਾਰ ਦਿਖਾਉਣਗੇ ਪ੍ਰਤਿਭਾ

**ਪੈ.ਗਾਮ-ਏ-ਜਗਤ/ਪਟਿਆਲਾ**
**21 ਸਿਤੰਬਰ (ਪਰਮਜੀਤ ਸਿੰਘ ਪਰਵਾਨਾ)**





**• ਚੰਡੀਗੜ੍ਹ ਦੇ ਲੋਕਾਂ ਵਿਚ ਪ੍ਰੋਗਰਾਮ ਪ੍ਰਤੀ ਪਾਇਆ ਜਾ ਰਿਹੈ ਉਤਸ਼ਾਹ : ਐਸ ਐਸ ਪ੍ਰਸਾਦ ਤੇ ਰੰਜੂ ਪ੍ਰਸਾਦ**

26 ਸਤੰਬਰ ਨੂੰ ਸ਼ਾਮ 4 ਵਜੇ ਚੰਡੀਗੜ੍ਹ ਦੇ ਟੈਗੋਰ ਥੀਏਟਰ (ਸੈਕਟਰ 18) ਵਿਖੇ ਬਸੰਤ ਗਿਰੀਜਾ ਸ਼੍ਰੀ ਸੁਸਾਇਟੀ ਵੱਲੋਂ ਵਿਸ਼ੇਸ਼ ਸੰਗੀਤਕ ਪ੍ਰੋਗਰਾਮ ਸੁਰੀਲਾ ਸਫ਼ਰ 30 ਦਾ ਆਯੋਜਨ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦੇ ਮੁੱਖ ਆਯੋਜਕ ਡਾ. ਐਸ. ਐਸ. ਪ੍ਰਸਾਦ (ਰਿਟਾ: ਆਈ ਏ ਐਸ ਅਧਿਕਾਰੀ) ਤੇ ਸ਼੍ਰੀਮਤੀ ਰੰਜੂ ਪ੍ਰਸਾਦ (ਰਿਟਾ: ਆਈਪੀਓਐਸ ਅਧਿਕਾਰੀ) ਨੇ ਦੱਸਿਆ ਕਿ ਇਹ ਪ੍ਰੋਗਰਾਮ ਭਾਰਤ ਰਤਨ ਲਤਾ ਮੰਗੇਸ਼ਕਰ ਨੂੰ ਸਮਰਪਿਤ ਹੈ ਅਤੇ ਫਿਲਮ ਅਭਿਨੇਤਰੀ ਪੂਨਮ ਢਿੱਲੋਂ ਮੁੱਖ ਮਹਿਮਾਨ ਹੋਣਗੇ। ਉਨ੍ਹਾਂ ਹੋਰ ਦੱਸਿਆ ਕਿ ਪ੍ਰੋਗਰਾਮ ’ਚ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ 40 ਤੋਂ ਵੱਧ ਗਾਇਕ ਕਲਾਕਾਰ ਆਪਣੀ ਪ੍ਰਤਿਭਾ ਦਿਖਾਉਣਗੇ। ਮਿਊਜ਼ਿਕ ਅਰੇਂਜਰ ਸੁਰਿੰਦਰ ਸ਼ੈਰੀ ਹਨ। ਰਿਹਰਸਲ 23 ਤੇ 24 ਸਿਤੰਬਰ ਨੂੰ ਚੰਡੀਗੜ੍ਹ ਵਿਖੇ ਰੱਖੀ ਗਈ ਹੈ। ਸਭ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਪ੍ਰੋਗਰਾਮ ’ਚ ਐਂਟਰੀ ਬਿਲਕੁਲ ਮੁਫ਼ਤ ਹੈ। ਉਨ੍ਹਾਂ ਮਾਣ ਨਾਲ ਦੱਸਿਆ ਕਿ ਚੰਡੀਗੜ੍ਹ ਦੇ ਲੋਕਾਂ ਵਿਚ ਇਸ ਪ੍ਰੋਗਰਾਮ ਪ੍ਰਤੀ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ।

**ਬੀਤ ਦੀ ਆਪਣੀ ‘ਬੁਰਜ ਖਲੀਫਾ’ ਵਿਕਾਸ ਦੀ ਗਗਨਚੁੰਬੀ ਕਹਾਣੀ ਕਹਿ ਰਹੀ**

# 111 ਫੁੱਟ 6 ਇੰਚ ਉੱਚਾ ਜਲ ਟੈਂਕ, 25 ਲੱਖ ਲੀਟਰ ਪਾਣੀ ਦਾ ਭੰਡਾਰ, 11 ਪਿੰਡਾਂ ਦੀ 27,215 ਆਬਾਦੀ ਨੂੰ ਮਿਲੇਗਾ ਲਾਭ

**ਊਨਾ, 20 ਸਤੰਬਰ**
**(ਪੈ.ਗਾਮ-ਏ-ਜਗਤ)**

ਹਰੋਲੀ ਉਪਮੰਡਲ ਦੇ ਅਮਰਾਲੀ ਵਿੱਚ ਸੜਕ ਕਿਨਾਰੇ ਖੜ੍ਹਾ ਇਹ ਵਿਸ਼ਾਲ ਜਲ ਟੈਂਕ ਦੂਰੋਂ ਹੀ ਨਜ਼ਰ ਆ ਜਾਂਦਾ ਹੈ। ਲੰਮੇ ਪਿਲਰਾਂ ’ਤੇ ਟਿਕਿਆ ਇਸ ਦਾ ਕੰਟੇਨਰ ਜ਼ਮੀਨ ਤੋਂ 111 ਫੁੱਟ 6 ਇੰਚ ਉੱਪਰ ਹੈ। ਇਸ ਦੀ ਅਸਾਧਾਰਨ ਉਚਾਈ ਨੇ ਸਥਾਨਕ ਲੋਕਾਂ ਨੂੰ ਇਸ ਨੂੰ ਇੱਕ ਨਾਮ ਦੇਣ ਦਾ ਮੌਕਾ ਦਿੱਤਾ-‘ਬੀਤ ਦਾ ਬੁਰਜ ਖਲੀਫਾ’।

ਗ੍ਰਾਮ ਪੰਚਾਇਤ ਛੇਤਰਾਂ ਦੇ ਸਾਬਕਾ ਪ੍ਰਧਾਨ ਵਿਕਾਸ ਰਾਣਾ ਟਾਵਰ ਵੱਲ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ, ‘ਉਪ ਮੁੱਖ ਮੰਤਰੀ ਮੁਕੇਸ਼ ਜੀ ਨੇ ਪਾਣੀ ਦੀ ਕੋਈ ਕਮੀ ਨਹੀਂ ਛੱਡੀ। ਹੁਣ ਇਸ ਟਾਵਰ ਨੂੰ ਹੀ ਦੇਖ ਲਓ... ਅਸੀਂ ਤਾਂ ਇਸ ਨੂੰ ਆਪਣਾ ‘ਬੁਰਜ ਖਲੀਫਾ’ ਕਹਿੰਦੇ ਹਾਂ।’



ਨਾਮ ਇਸ ਦੀ ਉਚਾਈ ਨਾਲ ਜੁੜਿਆ ਹੈ, ਪਰ ਇਸ ਢਾਂਚੇ ਦੀ ਅਸਲ ਕਹਾਣੀ ਇਸ ਦੇ ਅੰਦਰ ਸਮਾਉਣ ਵਾਲੇ 25 ਲੱਖ ਲੀਟਰ ਪਾਣੀ ਦੀ ਹੈ। ਕਰੀਬ 12.59 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਇਹ ਜਲ ਭੰਡਾਰਨ ਟੈਂਕ ਬੀਤ ਖੇਤਰ ਦੇ 11 ਪਿੰਡਾਂ ਦੀ ਕਰੀਬ 27,215 ਆਬਾਦੀ ਦੀ ਜਲ ਸਪਲਾਈ ਵਿਵਸਥਾ ਨੂੰ ਸਹਾਰਾ ਦੇਵੇਗਾ।

### 111 ਫੁੱਟ 6 ਇੰਚ ਦੀ ਉਚਾਈ

ਅਮਰਾਲੀ ਦੇ ਇਸ ਟਾਵਰ ਦੀ ਕੁੱਲ ਉਚਾਈ ਕਰੀਬ 34 ਮੀਟਰ ਯਾਨੀ 111 ਫੁੱਟ 6 ਇੰਚ ਹੈ। ਇਸ ਵਿੱਚ ਕਰੀਬ 25 ਮੀਟਰ ਯਾਨੀ 82 ਫੁੱਟ ਦੀ ਸਟੇਜਿੰਗ ਅਤੇ ਕਰੀਬ 9 ਮੀਟਰ ਯਾਨੀ 29 ਫੁੱਟ 6 ਇੰਚ ਉੱਚਾ ਕੰਟੇਨਰ ਸ਼ਾਮਲ ਹੈ।

ਟੈਂਕ ਨੂੰ ਇੰਨੀ ਉਚਾਈ ਇਸ ਲਈ ਦਿੱਤੀ ਗਈ ਹੈ, ਤਾਂ ਜੋ ਪਾਣੀ ਨੂੰ ਉਚਾਈ ’ਤੇ ਇਕੱਠਾ ਕਰਕੇ ਲੋੜ ਅਨੁਸਾਰ ਹੇਠਾਂ ਦੇ ਪਿੰਡਾਂ ਤੱਕ ਪਹੁੰਚਾਇਆ ਜਾ ਸਕੇ। ਟਿਊਬਵੈੱਲ ਸਰੋਤਾਂ ਤੋਂ ਮਿਲਣ ਵਾਲਾ ਪਾਣੀ ਇਸ ਵਿੱਚ ਸਟੋਰ ਕੀਤਾ ਜਾਵੇਗਾ ਅਤੇ ਲੋੜ ਅਨੁਸਾਰ ਵੱਖ-ਵੱਖ ਖੇਤਰਾਂ ਵਿੱਚ ਸਪਲਾਈ ਕੀਤੀ ਜਾਵੇਗੀ।

ਇੱਕੋ ਸਮੇਂ 25 ਲੱਖ ਲੀਟਰ ਪਾਣੀ ਦੇ ਭੰਡਾਰਨ ਦੀ ਸਮਰੱਥਾ ਹੋਣ ਨਾਲ ਲੋੜ ਦੇ ਸਮੇਂ ਜਲ ਸਪਲਾਈ ਵਿਵਸਥਾ ਨੂੰ ਵਾਧੂ ਸਹਾਰਾ ਮਿਲੇਗਾ। ਹਰੋਲੀ ਖੇਤਰ ਵਿੱਚ ਇਹ ਇਕੱਲਾ ਵੱਡਾ ਜਲ ਭੰਡਾਰਨ ਢਾਂਚਾ ਨਹੀਂ ਹੈ। ਪੋਲੀਆਂ ਵਿੱਚ 50 ਲੱਖ ਲੀਟਰ ਅਤੇ ਦੁਲੈਹੜ ਵਿੱਚ 25 ਲੱਖ ਲੀਟਰ ਸਮਰੱਥਾ ਵਾਲੇ ਟੈਂਕ ਵੀ ਬਣਾਏ ਗਏ ਹਨ। ਇਸ ਤੋਂ ਇਲਾਵਾ ਖੇਤਰ ਵਿੱਚ ਵੱਖ-ਵੱਖ ਸਮਰੱਥਾ ਵਾਲੇ ਕਰੀਬ 75 ਟੈਂਕ ਬਣਾਏ ਜਾ ਚੁੱਕੇ ਹਨ।

‘‘ਪੈਗਾਮ-ਏ-ਜਗਤ’’
NEWS & WEB CHANNEL
HEAD OFFICE
F 388, Industrial Area, Sector 74, Sahibzada Ajit Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
‘‘ਪੈਗਾਮ-ਏ-ਜਗਤ’’ ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।